Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 3 : # ਅੰਕ 306 26/02/2025 www.samajweekly.com samajweekly @samajweekly samajweekly

# ਦਿੱਲੀ ਸਿੱਖ ਨਸਲਕੁਸ਼ੀ ਮਾਮਲਾ: ਅਦਾਲਤ ਨੇ ਸੱਜਣ ਕੁਮਾਰ ਨੂੰ ਸੁਣਾਈ ਉਮਰ ਕੈਦ ਦੀ ਸਜ਼ਾ

**ਨਵੀਂ ਦਿਲੀ।** 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿੱਚ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਉਸਨੂੰ 1 ਨਵੰਬਰ, 1984 ਨੂੰ ਸਰਸਵਤੀ ਵਿਹਾਰ ਇਲਾਕੇ ਵਿੱਚ ਇੱਕ ਪਿਤਾ-ਪੁੱਤਰ ਦੀ ਹੱਤਿਆ ਨਾਲ ਸਬੰਧਤ ਇੱਕ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ।

ਸਾਬਕਾ ਕਾਂਗਰਸ ਸੰਸਦ ਮੈਂਬਰ ਸੱਜਣ ਕੁਮਾਰ ਨੂੰ 12 ਫਰਵਰੀ ਨੂੰ ਦੰਗੇ, ਗੈਰ-ਕਾਨੂੰਨੀ ਇਕੱਠ ਅਤੇ ਕਤਲ ਆਦਿ ਨਾਲ ਸਬੰਧਤ ਧਾਰਾਵਾਂ ਤਹਿਤ ਦੋਸ਼ੀ ਠਹਿਰਾਇਆ ਗਿਆ ਸੀ।

ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਨੂੰ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਦੋ ਵਿਅਕਤੀਆਂ ਦੇ ਕਤਲ ਦੇ ਮਾਮਲੇ ਵਿੱਚ ਮੰਗਲਵਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਇੱਥੇ ਕੇਸ ਨਾਲ ਸਬੰਧਤ ਘਟਨਾਵਾਂ ਦਾ ਕਾਲਕ੍ਰਮਿਕ ਬਿਰਤਾਂਤ ਹੈ।

●1991: ਮਾਮਲੇ ਵਿੱਚ ਐਫਆਈਆਰ ਦਰਜ ਕੀਤੀ ਗਈ।

●8 ਜੁਲਾਈ, 1994: ਦਿੱਲੀ ਦੀ ਅਦਾਲਤ ਨੂੰ ਮੁਕੱਦਮਾ ਚਲਾਉਣ ਲਈ ਲੋੜੀਂਦੇ ਸਬੂਤ ਨਹੀਂ ਮਿਲੇ। ਇਸ ਮਾਮਲੇ ਵਿੱਚ ਕੁਮਾਰ ਵਿਰੁੱਧ ਕੋਈ ਦੋਸ਼ ਪੱਤਰ ਦਾਇਰ ਨਹੀਂ ਕੀਤਾ ਗਿਆ ਸੀ।

●12 ਫ਼ਰਵਰੀ 2015: ਸਰਕਾਰ ਨੇ ਵਿਸ਼ੇਸ਼ ਜਾਂਚ ਟੀਮ (SIT) ਬਣਾਈ।

●21 ਨਵੰਬਰ 2016: ਐਸਆਈਟੀ ਨੇ ਅਦਾਲਤ ਨੂੰ ਦੱਸਿਆ ਕਿ ਮਾਮਲੇ ਵਿੱਚ



ਹੋਰ ਜਾਂਚ ਦੀ ਲੋੜ ਹੈ।

●6 ਅਪ੍ਰੈਲ, 2021: ਕੁਮਾਰ ਨੂੰ ਗ੍ਰਿਫਤਾਰ ਕੀਤਾ ਗਿਆ।

●5 ਮਈ, 2021: ਪੁਲਿਸ ਨੇ ਚਾਰਜਸ਼ੀਟ ਦਾਇਰ ਕੀਤੀ।

●26 ਜੁਲਾਈ: ਅਦਾਲਤ ਨੇ ਚਾਰਜਸ਼ੀਟ ਦਾ ਨੋਟਿਸ ਲਿਆ।

●1 ਅਕਤੂਬਰ: ਅਦਾਲਤ ਨੇ ਦੋਸ਼ਾਂ 'ਤੇ ਸੁਣਵਾਈ ਸ਼ੁਰੂ ਕੀਤੀ।

●16 ਦਸੰਬਰ: ਅਦਾਲਤ ਨੇ ਕਤਲ, ਦੰਗੇ ਅਤੇ ਹੋਰ ਅਪਰਾਧਾਂ ਦੇ ਦੋਸ਼ ਤੈਅ ਕੀਤੇ।

●31 ਜਨਵਰੀ 2024: ਅਦਾਲਤ ਨੇ ਅੰਤਿਮ ਦਲੀਲਾਂ ਦੀ ਸੁਣਵਾਈ ਸ਼ੁਰੂ ਕੀਤੀ।

●8 ਨਵੰਬਰ: ਅਦਾਲਤ ਨੇ ਫੈਸਲਾ ਸੁਰੱਖਿਅਤ ਰੱਖ ਲਿਆ।

●12 ਫਰਵਰੀ, 2025: ਅਦਾਲਤ ਨੇ ਕੁਮਾਰ ਨੂੰ ਦੋਸ਼ੀ ਠਹਿਰਾਇਆ।

●25 ਫਰਵਰੀ: ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਹਿੰਸਾ ਅਤੇ ਉਸ ਤੋਂ ਬਾਅਦ ਦੀਆਂ ਘਟਨਾਵਾਂ ਦੀ ਜਾਂਚ ਲਈ ਬਣਾਏ ਗਏ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਦੇ ਅਨੁਸਾਰ, ਦਿੱਲੀ ਵਿੱਚ ਹੋਏ ਦੰਗਿਆਂ ਦੇ ਸਬੰਧ ਵਿੱਚ 587 ਐਫਆਈਆਰ ਦਰਜ ਕੀਤੀਆਂ ਗਈਆਂ ਸਨ। ਇਨ੍ਹਾਂ ਦੰਗਿਆਂ ਵਿੱਚ 2,733 ਲੋਕ ਮਾਰੇ ਗਏ ਸਨ। ਕੁੱਲ ਮਿਲਾ ਕੇ, ਪੁਲਿਸ ਨੇ ਸੁਰਾਗਾਂ ਦੀ ਘਾਟ ਦਾ ਹਵਾਲਾ ਦਿੰਦੇ ਹੋਏ ਲਗਭਗ 240 ਐਫਆਈਆਰ ਬੰਦ ਕਰ ਦਿੱਤੀਆਂ ਅਤੇ 250 ਮਾਮਲਿਆਂ ਵਿੱਚ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਗਿਆ।

ਸਿਰਫ਼ 28 ਮਾਮਲਿਆਂ ਵਿੱਚ ਹੀ ਸਜ਼ਾ ਹੋਈ, ਜਿਨ੍ਹਾਂ ਵਿੱਚੋਂ ਲਗਭਗ 400 ਲੋਕਾਂ ਨੂੰ ਦੋਸ਼ੀ ਠਹਿਰਾਇਆ ਗਿਆ। ਕੁਮਾਰ ਸਮੇਤ ਲਗਭਗ 50 ਲੋਕਾਂ ਨੂੰ ਕਤਲ ਲਈ ਦੋਸ਼ੀ ਠਹਿਰਾਇਆ ਗਿਆ ਸੀ।

ਕੁਮਾਰ, ਜੋ ਉਸ ਸਮੇਂ ਇੱਕ ਪ੍ਰਭਾਵਸ਼ਾਲੀ ਕਾਂਗਰਸੀ ਨੇਤਾ ਅਤੇ ਸੰਸਦ ਮੈਂਬਰ ਸਨ, 1 ਅਤੇ 2 ਨਵੰਬਰ, 1984 ਨੂੰ ਦਿੱਲੀ ਦੀ ਪਾਲਮ ਕਲੋਨੀ ਵਿੱਚ ਪੰਜ ਲੋਕਾਂ ਦੇ ਕਤਲ ਕੇਸ ਵਿੱਚ ਵੀ ਦੋਸ਼ੀ ਸਨ। ਇਸ ਮਾਮਲੇ ਵਿੱਚ, ਦਿੱਲੀ ਹਾਈ ਕੋਰਟ ਨੇ ਉਸਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਅਤੇ ਸਜ਼ਾ ਨੂੰ ਚੁਣੌਤੀ ਦੇਣ ਵਾਲੀ ਉਸਦੀ ਅਪੀਲ ਸੁਪਰੀਮ ਕੋਰਟ ਵਿੱਚ ਵਿਚਾਰ ਅਧੀਨ ਹੈ।

ਹੇਠਲੀ ਅਦਾਲਤ ਵੱਲੋਂ ਕੁਮਾਰ ਨੂੰ ਬਰੀ ਕੀਤੇ ਜਾਣ ਵਿਰੁੱਧ ਦਿੱਲੀ ਹਾਈ ਕੋਰਟ ਵਿੱਚ ਇੱਕ ਹੋਰ ਅਪੀਲ ਲੰਬਿਤ ਹੈ, ਜਦੋਂ ਕਿ ਦਿੱਲੀ ਦੀ ਇੱਕ ਅਦਾਲਤ ਇਸ ਸਮੇਂ ਚੌਥੇ ਮਾਮਲੇ ਦੀ ਸੁਣਵਾਈ ਕਰ ਰਹੀ ਹੈ।

# ਅੰਬੇਡਕਰ ਅਤੇ ਭਗਤ ਸਿੰਘ ਦੀ ਤਸਵੀਰ ਨੂੰ ਲੈ ਕੇ ਦਿੱਲੀ ਤੋਂ ਪੰਜਾਬ ਤੱਕ ਹੰਗਾਮਾ

**ਨਵੀਂ ਦਿੱਲੀ/ਚੰਡੀਗੜ੍ਹ,** ਦਿੱਲੀ ਅਤੇ ਪੰਜਾਬ ਦੀ ਵਿਧਾਨ ਸਭਾ ਵਿੱਚ ਮੰਗਲਵਾਰ ਨੂੰ ਉਸ ਸਮੇਂ ਜਬਰਦਸਤ ਹੰਗਾਮਾ ਦੇਖਣ ਨੂੰ ਮਿਲਿਆ ਜਦੋਂ ਆਮ ਆਦਮੀ ਪਾਰਟੀ (ਅਅਫ) ਨੇ ਦੋਸ਼ ਲਾਇਆ ਕਿ ਦਿੱਲੀ ਵਿੱਚ ਸੱਤਾ ਬਦਲਣ ਤੋਂ ਬਾਅਦ ਮੁੱਖ ਮੰਤਰੀ ਦਫਤਰ ਤੋਂ ਡਾ. ਭੀਮ ਰਾਓ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਹਟਾ ਦਿੱਤੀਆਂ ਗਈਆਂ ਹਨ। ਇਸ ਮਾਮਲੇ ’ਤੇ ਦਿੱਲੀ ਵਿਧਾਨ ਸਭਾ ਵਿੱਚ ਭਾਰੀ ਹੰਗਾਮਾ ਹੋਇਆ। ਉਧਰ ਪੰਜਾਬ ਵਿਧਾਨ ਸਭਾ ਵਿੱਚ ਵੀ ‘ਆਪ’ ਵਿਧਾਇਕਾਂ ਨੇ ਇਸਦਾ ਵਿਰੋਧ ਕਰਦਿਆਂ ਪ੍ਰਸਤਾਵ ਲਿਆਉਣ ਦੀ ਮੰਗ ਕੀਤੀ, ਜਿਸਦਾ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸਮਰਥਨ ਕੀਤਾ।

ਦਿੱਲੀ ਅਤੇ ਪੰਜਾਬ ਵਿੱਚ ਇੱਕੋ ਸਮੇਂ ਉੱਠੇ ਇਹ ਮਾਮਲੇ ਨੇ ਰਾਜਨੀਤਿਕ ਮਾਹੌਲ ਨੂੰ ਗਰਮਾ ਦਿੱਤਾ ਹੈ। ਭਾਜਪਾ ਨੇ ਆਮ ਆਦਮੀ ਪਾਰਟੀ ਦੇ ਦੋਸ਼ਾਂ ਨੂੰ ਬੇਬੁਨਿਆਦ ਕਿਹਾ ਹੈ, ਜਦੋਂ ਕਿ ਆਮ ਆਦਮੀ ਪਾਰਟੀ ਨੇ ਇਸਨੂੰ ਜਨਤਾ ਦੇ ਨਾਇਕ ਅੰਬੇਡਕਰ ਦਾ ਨਿਰਾਦਰ ਕਿਹਾ ਹੈ।

ਮੰਗਲਵਾਰ ਨੂੰ ਦਿੱਲੀ



ਵਿਧਾਨ ਸਭਾ ਸ਼ੁਰੂ ਹੁੰਦਿਆਂ ਹੀ ਇਹ ਮਾਮਲਾ ਗਰਮਾਇਆ ਤਾਂ ‘ਆਪ’ ਵਿਧਾਇਕ ਅਤੇ ਸਾਬਕਾ ਮੁੱਖ ਮੰਤਰੀ ਆਤਿਸ਼ੀ ਸਮੇਤ ਕਈ ਵਿਧਾਇਕਾਂ ਨੂੰ ਸਦਨ ਤੋਂ ਮੁਅੱਤਲ ਕਰ ਦਿੱਤਾ ਗਿਆ। ਆਤਿਸ਼ੀ ਨੇ ਭਾਜਪਾ ’ਤੇ ਹਮਲਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਬਾਬਾ ਸਾਹਿਬ ਅੰਬੇਡਕਰ ਦੀ ਤਸਵੀਰ ਨੂੰ ਹਟਾ ਕੇ ਉਨ੍ਹਾਂ ਦਾ ਨਿਰਾ-ਦਰ ਕੀਤਾ ਹੈ। ਉਨ੍ਹਾਂ ਨੇ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਕਿਹਾ, ‘‘ਭਾਜਪਾ ਨੇ ਬਾਬਾ ਸਾਹਿਬ ਅੰਬੇਡਕਰ ਦੀ ਤਸਵੀਰ ਨੂੰ ਹਟਾ ਕੇ ਆਪਣਾ ਅਸਲੀ ਰੰਗ ਦਿਖਾਇਆ ਹੈ। ਕੀ ਉਹ ਇਹ ਮੰਨਦੇ ਹਨ ਕਿ ਨਰਿੰਦਰ ਮੋਦੀ ਬਾਬਾ ਸਾਹਿਬ ਦੀ ਥਾਂ ਲੈ ਸਕਦੇ ਹਨ?’’ ਉਨ੍ਹਾਂ ਕਿਹਾ ਕਿ ਇਹ ਦੁਖਦਾਇਕ ਹੈ ਕਿ ਦਿੱਲੀ ਵਿਧਾਨ ਸਭਾ ਦਾ ਅਗਵਾਈ ਇੱਕ ਐਸੀ ਪਾਰਟੀ ਕਰ ਰਹੀ ਹੈ ਜੋ ਦਲਿਤ ਅਤੇ ਸਿੱਖ ਵਿਰੋਧੀ ਹੈ। ਭਾਜਪਾ ਨੇ ਮੁੱਖ ਮੰਤਰੀ ਦਫਤਰ ਤੋਂ ਬਾਬਾ ਸਾਹਿਬ ਭੀਮਰਾਓ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਹਟਾ ਦਿੱਤੀਆਂ ਹਨ, ਜੋ ਉਨ੍ਹਾਂ ਦੇ ਅਸਲੀ ਆਚਰਨ ਨੂੰ ਦਰਸਾਉਂਦਾ ਹੈ।”

# ਪੰਜਾਬ ਪੁਲਿਸ ਨੇ ਸੂਬੇ ਭਰ ਵਿੱਚ 1274 ਇਮੀਗ੍ਰੇਸ਼ਨ ਫਰਮਾਂ 'ਤੇ ਕੀਤੀ ਛਾਪੇਮਾਰੀ, 24 FIR, 7 ਗ੍ਰਿਫ਼ਤਾਰ

**ਚੰਡੀਗੜ੍ਹ।** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਵਿਦੇਸ਼ਾਂ ਵਿੱਚ ਵਸਣ ਦੀ ਇੱਛਾ ਰੱਖਣ ਵਾਲੇ ਨੌਜਵਾਨਾਂ ਨੂੰ ਗੈਰ-ਕਾਨੂੰਨੀ ਟਰੈਵਲ ਏਜੰਟਾਂ ਦੇ ਸ਼ਿਕਾਰ ਹੋਣ ਤੋਂ ਬਚਾਉਣ ਲਈ, ਪੰਜਾਬ ਪੁਲਿਸ ਨੇ ਛਾਪੇਮਾਰੀ ਕੀਤੀ ਅਤੇ ਰਾਜ ਭਰ ਵਿੱਚ 1274 ਇਮੀਗ੍ਰੇਸ਼ਨ ਫਰਮਾਂ 'ਤੇ ਤਲਾਸ਼ੀ ਮੁਹਿੰਮ ਚਲਾਈ ਗਈ। ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੋਮਵਾਰ ਸਵੇਰੇ 11 ਵਜੇ ਤੋਂ ਦੇਰ ਸ਼ਾਮ ਤੱਕ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਗੈਰ-ਕਾਨੂੰਨੀ ਟ੍ਰੈਵਲ ਏਜੰਟਾਂ ਵਿਰੁੱਧ ਵਿਸ਼ਾਲ ਮੁਹਿੰਮ ਚਲਾਈ ਗਈ। ਇਹ ਵਿਕਾਸ ਅਮਰੀਕਾ ਤੋਂ ਭਾਰਤੀਆਂ ਨੂੰ ਦੇਸ਼ ਨਿਕਾਲਾ ਦਿੱਤੇ ਜਾਣ ਦੇ ਮੱਦੇਨਜ਼ਰ ਰਾਜ ਭਰ ਵਿੱਚ ਗੈਰ-ਕਾਨੂੰਨੀ ਟ੍ਰੈਵਲ ਏਜੰਟਾਂ ਵਿਰੁੱਧ ਚੱਲ ਰਹੀ ਕਾਰਵਾਈ ਦੇ ਵਿਚਕਾਰ ਹੋਇਆ ਹੈ। ਵੇਰਵੇ ਸਾਂਝੇ ਕਰਦੇ ਹੋਏ, ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ, ਜੋ ਇਸ ਦਿਨ ਭਰ ਚੱਲੇ ਰਾਜ ਪੱਧਰੀ ਆਪ੍ਰੇਸ਼ਨ ਦੀ ਨਿੱਜੀ ਤੌਰ 'ਤੇ



ਨਿਗਰਾਨੀ ਕਰ ਰਹੇ ਸਨ, ਨੇ ਕਿਹਾ ਕਿ ਪੁਲਿਸ ਟੀਮਾਂ ਨੇ ਡਿਫਾਲਟਰ ਟ੍ਰੈਵਲ ਏਜੰਟਾਂ ਵਿਰੁੱਧ ਘੱਟੋ-ਘੱਟ 24 ਪਹਿਲੀ ਸੂਚਨਾ ਰਿਪੋਰਟਾਂ (ਐਫਆਈਆਰ) ਦਰਜ ਕੀਤੀਆਂ ਹਨ ਅਤੇ ਉਨ੍ਹਾਂ ਵਿੱਚੋਂ ਸੱਤ ਨੂੰ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਰੇ ਸੀਪੀ/ਐਸਐਸਪੀ ਨੂੰ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿੱਚ ਸਾਰੀਆਂ ਇਮੀਗ੍ਰੇਸ਼ਨ ਅਤੇ ਟ੍ਰੈਵਲ ਏਜੰਟ ਫਰਮਾਂ 'ਤੇ ਤਲਾਸ਼ੀ ਲੈਣ ਲਈ ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ ਵਿਸ਼ੇਸ਼ ਪੁਲਿਸ ਟੀਮਾਂ ਬਣਾਉਣ ਲਈ ਕਿਹਾ ਗਿਆ ਸੀ। "ਸਾਰੇ ਸੀਪੀ/ਐਸਐਸਪੀ ਨੂੰ ਉਨ੍ਹਾਂ ਟ੍ਰੈਵਲ ਏਜੰਟਾਂ ਵਿਰੁੱਧ ਸਖ਼ਤ ਕਾਰਵਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਸਨ, ਜੋ ਪੰਜਾਬ ਟ੍ਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ, 2012 ਦੇ ਲਾਜ਼ਮੀ ਉਪਬੰਧਾਂ ਅਤੇ ਪ੍ਰਕਿਰਿਆਵਾਂ ਦੀ ਉਲੰਘਣਾ ਕਰਦੇ ਪਾਏ ਗਏ ਸਨ ਜਾਂ ਵਿਦੇਸ਼ਾਂ ਵਿੱਚ ਗੈਰ-ਕਾਨੂੰਨੀ ਪ੍ਰਵੇਸ਼ ਦੀ ਸਹੂਲਤ ਦੇਣ ਦੇ ਝੂਠੇ ਵਾਅਦੇ ਕਰਕੇ ਮਾਸੂਮ ਲੋਕਾਂ ਨਾਲ ਧੋਖਾ ਕਰਦੇ ਪਾਏ ਗਏ ਸਨ," ਸਪੈਸ਼ਲ ਡੀਜੀਪੀ ਨੇ ਕਿਹਾ।

# ਅਮਰੀਕਾ ਨੇ 4 ਭਾਰਤੀ ਕੰਪਨੀਆਂ 'ਤੇ ਲਗਾਈਆਂ ਪਾਬੰਦੀਆਂ, ਈਰਾਨ ਨਾਲ ਤੇਲ ਸੌਦੇ ਦੇ ਸਬੰਧ 'ਚ ਵੱਡੀ ਕਾਰਵਾਈ

**ਅਮਰੀਕਾ।** ਅਮਰੀਕਾ ਨੇ ਈਰਾਨ ਨਾਲ ਕੱਚੇ ਤੇਲ ਅਤੇ ਪੈਟਰੋਲੀਅਮ ਉਤਪਾਦਾਂ ਦਾ ਵਪਾਰ ਕਰਨ ਲਈ ਚਾਰ ਭਾਰਤੀ ਕੰਪਨੀਆਂ 'ਤੇ ਪਾਬੰਦੀਆਂ ਲਗਾਈਆਂ ਹਨ। ਇਹ ਫ਼ੈਸਲਾ ਡੋਨਾਲਡ ਟਰੰਪ ਪ੍ਰਸ਼ਾਸਨ ਦੀ ਈਰਾਨ ਵਿਰੁੱਧ ਦਬਾਅ ਵਧਾਉਣ ਦੀ ਨੀਤੀ ਤਹਿਤ ਲਿਆ ਗਿਆ ਹੈ। ਇਹ ਫ਼ੈਸਲਾ ਅਮਰੀਕਾ ਦੇ ਵਿਦੇਸ਼ੀ ਸੰਪਤੀ ਨਿਯੰਤਰਣ ਵਿਭਾਗ ਨੇ ਲਿਆ ਹੈ।



ਇਸ ਤਹਿਤ ਅਮਰੀਕੀ ਵਿਦੇਸ਼ ਵਿਭਾਗ ਨੇ ਕਈ ਦੇਸ਼ਾਂ ਦੇ 30 ਲੋਕਾਂ ਅਤੇ 4 ਭਾਰਤੀ ਕੰਪਨੀਆਂ 'ਤੇ ਪਾਬੰਦੀਆਂ ਲਗਾਈਆਂ ਹਨ। ਅਮਰੀਕੀ ਵਿਦੇਸ਼ ਵਿਭਾਗ ਤੋਂ ਮਿਲੀ ਜਾਣਕਾਰੀ ਦੇ ਅਨੁਸਾਰ, ਜਿਨ੍ਹਾਂ ਚਾਰ ਭਾਰਤੀ ਕੰਪਨੀਆਂ 'ਤੇ ਪਾਬੰਦੀ ਲਗਾਈ ਗਈ ਹੈ, ਉਨ੍ਹਾਂ ਵਿੱਚੋਂ ਇੱਕ ਨਵੀਂ ਮੁੰਬਈ ਸਥਿਤ ਫਲਕਸ ਮੈਰੀਟਾਈਮ ਐਲਐਲਪੀ ਹੈ। ਇਸ ਤੋਂ ਇਲਾਵਾ, ਐਨਸੀਆਰ ਤੋਂ ਸੰਚਾਲਿਤ ਬੀਐਸਐਮ ਮਰੀਨ ਅਤੇ ਅ ਾ ਸ ਟਿ ਨ ਸ਼ਿ ਪ ਮੈਨੇਜਮੈਂਟ ਪ੍ਰਾਈਵੇਟ ਲਿਮਟਿਡ ਸ਼ਾਮਲ ਹਨ। ਅਮਰੀਕਾ ਨੇ ਤੰਜਾਵੁਰ ਵਿੱਚ ਸਥਿਤ ਕਾਸਮੌਸ ਲਾਈਨਜ਼ 'ਤੇ ਵੀ ਪਾਬੰਦੀ ਲਗਾ ਦਿੱਤੀ ਹੈ।

# ਮੱਧ ਪ੍ਰਦੇਸ਼ : ਕਾਲਜ 'ਚ ਹੋਲੀ ਮਨਾਉਣ ਦੀ ਇਜਾਜ਼ਤ ਨਾ ਮਿਲਣ 'ਤੇ ਭੜਕੇ ਵਿਦਿਆਰਥੀ



**ਇੰਦੌਰ ।** ਇੰਦੌਰ ਦੇ ਇਕ ਨਾਮਵਰ ਕਾਲਜ 'ਚ ਹੋਲੀ ਮਨਾਉਣ ਦੀ ਇਜਾਜ਼ਤ ਨਾ ਮਿਲਣ ਤੋਂ ਭੜਕੇ ਵਿਦਿਆਰਥੀ ਆਗੂਆਂ ਨੇ ਕਥਿਤ ਤੌਰ 'ਤੇ ਸੰਸਥਾ ਦੇ ਹਾਲ ਦੇ ਦਰਵਾਜ਼ੇ ਬੰਦ ਕਰ ਦਿਤੇ ਅਤੇ ਪ੍ਰੋਫ਼ੈਸਰਾਂ ਨੂੰ ਬੰਧਕ ਬਣਾ ਲਿਆ। ਅਧਿਕਾਰੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿਤੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਘਟਨਾ ਦੀ ਜਾਂਚ ਦੇ ਹੁਕਮ ਦਿਤੇ ਹਨ। ਅਧਿਕਾਰੀਆਂ ਨੇ ਦਸਿਆ ਕਿ ਇਹ ਘਟਨਾ ਸੋਮਵਾਰ ਨੂੰ ਸ਼ਹਿਰ ਦੇ ਸਰਕਾਰੀ ਹੋਲਕਰ ਸਾਇੰਸ ਕਾਲਜ 'ਚ ਉਸ ਸਮੇਂ ਵਾਪਰੀ ਜਦੋਂ ਗੁੱਸੇ 'ਚ ਆਏ ਵਿਦਿਆਰਥੀ ਨੇਤਾਵਾਂ ਨੇ ਹੋਲੀ ਦੇ ਜਸ਼ਨਾਂ ਦੀ ਇਜਾਜ਼ਤ ਨਾ ਮਿਲਣ 'ਤੇ ਇਸ ਦੇ ਇਕ ਹਾਲ ਦੇ ਦਰਵਾਜ਼ੇ ਬੰਦ ਕਰ ਦਿਤੇ ਅਤੇ ਉਸ ਦੀ ਬਿਜਲੀ ਸਪਲਾਈ ਵੀ ਕੱਟ ਦਿਤੀ। ਉਨ੍ਹਾਂ ਦਸਿਆ ਕਿ ਵਿਦਿਆਰਥੀ ਆਗੂਆਂ ਦੇ ਹੰਗਾਮੇ ਅਤੇ ਨਾਅਰੇਬਾਜ਼ੀ ਕਾਰਨ ਕਾਲਜ ਦੇ ਕਈ ਪ੍ਰੋਫ਼ੈਸਰ ਲਗਭਗ ਅੱਧੇ ਘੰਟੇ ਤਕ ਹਾਲ 'ਚ ਬੰਦ ਰਹੇ। ਅਧਿਕਾਰੀਆਂ ਨੇ ਦਸਿਆ ਕਿ ਬਾਅਦ 'ਚ ਇਕ ਮੁਲਾਜ਼ਮ ਖਿੜਕੀ 'ਚੋਂ ਬਾਹਰ ਨਿਕਲਣ 'ਚ ਸਫਲ ਰਿਹਾ ਅਤੇ ਦਰਵਾਜ਼ਾ ਖੋਲ੍ਹਿਆ ਤਾਕਿ ਪ੍ਰੋਫ਼ੈਸਰ ਹਾਲ ਤੋਂ ਬਾਹਰ ਆ ਸਕਣ। ਜ਼ਿਲ੍ਹਾ ਮੈਜਿਸਟਰੇਟ ਆਸ਼ੀਸ਼ ਸਿੰਘ ਨੇ ਇਸ ਘਟਨਾ ਨੂੰ ਬਹੁਤ ਗੰਭੀਰ ਦਸਦਿਆਂ ਪੱਤਰਕਾਰਾਂ ਨੂੰ ਦਸਿਆ ਕਿ ਕਾਲਜ ਦੀ ਪ੍ਰਿੰਸੀਪਲ ਡਾ. ਅਨਾਮਿਕਾ ਜੈਨ ਦੀ ਸ਼ਿਕਾਇਤ 'ਤੇ ਵਧੀਕ ਜ਼ਿਲ੍ਹਾ ਮੈਜਿਸਟਰੇਟ (ਏ.ਡੀ.ਐਮ.) ਨੇ ਜਾਂਚ ਦੇ ਹੁਕਮ ਦਿਤੇ ਹਨ। ਉਨ੍ਹਾਂ ਕਿਹਾ, ''ਏ.ਡੀ.ਐਮ. ਦੀ ਜਾਂਚ ਰੀਪੋਰਟ ਦੇ ਆਧਾਰ 'ਤੇ ਇਸ ਮਾਮਲੇ 'ਚ ਉਚਿਤ ਕਦਮ ਚੁਕੇ ਜਾਣਗੇ।''

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# 14 ਲੱਖ ਰੁਪਏ ਦੇ ਨਕਲੀ ਨੋਟ ਜ਼ਬਤ, 3 ਗ੍ਰਿਫਤਾਰ

**ਪਾਲਘਰ।** ਮਹਾਰਾਸ਼ਟਰ ਦੇ ਪਾਲਘਰ ਜ਼ਿਲ੍ਹੇ ਵਿਚ ਪੁਲੀਸ ਨੇ 14 ਲੱਖ ਰੁਪਏ ਦੇ ਨਕਲੀ ਨੋਟ ਜ਼ਬਤ ਕੀਤੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਇਸ ਸਬੰਧੀ ਤਿੰਨ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ ਅਤੇ ਨੋਟਾਂ 'ਤੇ ਚਿਲਡਰਨ ਬੈਂਕ ਆਫ ਇੰਡੀਆ ਛਾਪਿਆ ਹੋਇਆ ਸੀ। ਵਾਡਾ ਪੁਲੀਸ ਸਟੇਸ਼ਨ ਦੇ ਇੰਸਪੈਕਟਰ ਦੱਤਾਤ੍ਰੇਯ ਕਿੰਦਰੇ ਨੇ ਦੱਸਿਆ ਕਿ ਇੱਕ ਸੂਹ ਮਿਲੀ ਸੀ ਕਿ ਕੁਝ ਵਿਅਕਤੀ ਅਸਲੀ ਕਰੰਸੀ ਬਦਲੇ ਨਕਲੀ ਨੋਟ ਬਦਲਣ ਲਈ ਪਾਲੀ ਪਿੰਡ ਪਹੁੰਚਣਗੇ। ਜਿਸ 'ਤੇ ਕਾਰਵਾਈ ਕਰਦਿਆਂ ਪੁਲੀਸ ਟੀਮ ਨੇ ਜਾਲ ਵਿਛਾਇਆ। ਇਸ ਦੌਰਾਨ ਪੁਲੀਸ ਨੇ ਇਕ ਵਿਅਕਤੀ ਨੂੰ ਬੈਗ ਲੈ ਕੇ ਇਲਾਕੇ 'ਚ ਸ਼ੱਕੀ ਢੰਗ ਨਾਲ ਘੁੰਮਦੇ ਦੇਖਿਆ ਅਤੇ ਬਾਅਦ ਵਿੱਚ ਦੋ ਹੋਰ ਵਿਅਕਤੀ ਇੱਕ ਕਾਰ



ਵਿੱਚ ਉੱਥੇ ਪਹੁੰਚੇ ਅਤੇ ਵਿਅਕਤੀ ਨਾਲ ਗੱਲਬਾਤ ਕਰਨ ਲੱਗੇ। ਪੁਲੀਸ ਟੀਮ ਨੇ ਤਿੰਨਾਂ ਨੂੰ ਕਾਬੂ ਕਰ ਲਿਆ। ਅਧਿਕਾਰੀ ਨੇ ਦੱਸਿਆ ਕਿ ਚੈਕਿੰਗ ਦੌਰਾਨ ਉਨ੍ਹਾਂ ਨੇ ਵਿਅਕਤੀ ਕੋਲੋਂ 100 ਅਤੇ 500 ਰੁਪਏ ਦੇ ਨਕਲੀ ਨੋਟ ਬਰਾਮਦ ਕੀਤੇ, ਜਿਨ੍ਹਾਂ ਦੀ ਕੀਮਤ 14 ਲੱਖ ਰੁਪਏ ਹੈ। ਉਨ੍ਹਾਂ ਦੱਸਿਆ ਕਿ ਕਾਰ ਵਿੱਚ ਆਏ ਦੋਹਾਂ ਵਿਅਕਤੀਆਂ ਕੋਲੋਂ 1 ਲੱਖ ਰੁਪਏ ਦੇ ਅਸਲੀ ਕਰੰਸੀ ਨੋਟ ਵੀ ਬਰਾਮਦ ਕੀਤੇ ਗਏ ਹਨ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਦਿੱਲੀ ਵਿਧਾਨ ਸਭਾ ’ਚੋਂ ‘ਆਪ’ ਦੇ 21 ਵਿਧਾਇਕ ਮੁਅੱਤਲ

### ਅੰਬੇਡਕਰ ਦੀ ਤਸਵੀਰ ਹਟਾਉਣ ’ਤੇ ਹੰਗਾਮਾ; ਉਪ ਰਾਜਪਾਲ ਦੇ ਭਾਸ਼ਣ ਦੌਰਾਨ ਪਾਇਆ ਅੜਿੱਕਾ; 27 ਤੇ 28 ਫਰਵਰੀ ਦੀ ਕਾਰਵਾਈ ’ਚ ਨਹੀਂ ਹੋ ਸਕਣਗੇ ਸ਼ਾਮਲ; ‘ਆਪ’ ਵਿਧਾਇਕਾਂ ਨੇ ਦਿੱਤਾ ਧਰਨਾ

**ਨਵੀਂ ਦਿੱਲੀ।** ਦਿੱਲੀ ਵਿਧਾਨ ਸਭਾ ’ਚ ਅੱਜ ਉਪ ਰਾਜਪਾਲ ਵੀਕੇ ਸਕਸੈਨਾ ਦੇ ਉਦਘਾਟਨੀ ਭਾਸ਼ਣ ’ਚ ਅੜਿੱਕਾ ਪਾਉਣ ’ਤੇ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਸਮੇਤ ਆਮ ਆਦਮੀ ਪਾਰਟੀ ਦੇ 21 ਵਿਧਾਇਕਾਂ ਨੂੰ ਤਿੰਨ ਦਿਨ ਲਈ ਮੁਅੱਤਲ ਕਰ ਦਿੱਤਾ ਗਿਆ। ਉਨ੍ਹਾਂ ਦੀ ਮੁਅੱਤਲੀ ਦਾ ਮਤਾ ਦਿੱਲੀ ਲੋਕ ਨਿਰਮਾਣ ਵਿਭਾਗ (ਪੀਡਬਲਿਊਡੀ) ਮੰਤਰੀ ਪ੍ਰਵੇਸ਼ ਵਰਮਾ ਨੇ ਪੇਸ਼ ਕੀਤਾ ਅਤੇ ਸਦਨ ’ਚ ਜ਼ੁਬਾਨੀ ਵੋਟਾਂ ਨਾਲ ਮਤਾ ਪਾਸ ਕਰ ਦਿੱਤਾ ਗਿਆ। ਮੁਅੱਤਲ ਵਿਧਾਇਕਾਂ ਨੂੰ 27 ਤੇ 28 ਫਰਵਰੀ ਨੂੰ ਵਿਧਾਨ ਸਭਾ ਦੀ ਕਾਰਵਾਈ ’ਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਅੱਜ ਸਦਨ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਆਤਿਸ਼ੀ ਨੇ ‘ਆਪ’ ਦੇ ਹੋਰ ਵਿਧਾਇਕਾਂ ਨਾਲ ਮੁੱਖ ਮੰਤਰੀ ਦਫ਼ਤਰ ’ਚੋਂ ਬੀਆਰ ਅੰਬੇਡਕਰ ਦੀ ਤਸਵੀਰ ਕਥਿਤ ਤੌਰ ’ਤੇ ਹਟਾਉਣ ਦਾ ਵਿਰੋਧ ਕੀਤਾ। ‘ਆਪ’ ਵਿਧਾਇਕਾਂ ਨੇ ਭਾਜਪਾ ਦੀ ਅਗਵਾਈ ਹੇਠਲੀ ਸਰਕਾਰ ’ਤੇ ਅੰਬੇਡਕਰ ਦਾ ਅਪਮਾਨ ਕਰਨ ਦਾ ਦੋਸ਼ ਲਾਇਆ ਤੇ ਉਸ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਵਿਧਾਨ ਸਭਾ ਸਪੀਕਰ ਵਿਜੇਂਦਰ ਗੁਪਤਾ ਨੇ ਹੰਗਾਮੇ ’ਤੇ ਨਿਰਾਸ਼ਾ ਜ਼ਾਹਿਰ ਕਰਦਿਆਂ ਕਿਹਾ, ‘ਜਦੋਂ ਵਿਧਾਨ ਸਭਾ ਸੈਸ਼ਨ ਸ਼ੁਰੂ ਹੋਇਆ ਤਾਂ ਸਾਨੂੰ ਉਮੀਦ ਸੀ ਕਿ ਸੱਤਾ ਧਿਰ ਤੇ ਵਿਰੋਧੀ ਧਿਰ ਵਿਕਾਸ ਲਈ ਮਿਲ ਕੇ ਕੰਮ ਕਰਨਗੀਆਂ ਕਿਉਂਕਿ ਅੱਜ ਦੀ ਚਰਚਾ ਬਹੁਤ ਮਹੱਤਵਪੂਰਨ ਸੀ।’ ਦਿੱਲੀ ਵਿਧਾਨ ਸਭਾ ’ਚ ‘ਆਪ’ ਦੇ



22 ਵਿਧਾਇਕ ਹਨ। ਓਖਲਾ ਸੀਟ ਤੋਂ ਵਿਧਾਇਕ ਅਮਾਨਤੁੱਲ੍ਹਾ ਖਾਨ ਨੂੰ ਛੱਡ ਕੇ ‘ਆਪ’ ਦੇ ਬਾਕੀ ਸਾਰੇ ਵਿਧਾਇਕ ਮੁਅੱਤਲ ਕਰ ਦਿੱਤੇ ਗਏ ਹਨ। ਖਾਨ ਸਦਨ ’ਚ ਹਾਜ਼ਰ ਨਹੀਂ ਸਨ। ਮੁਅੱਤਲੀ ਤੋਂ ਬਾਅਦ ‘ਆਪ’ ਵਿਧਾਇਕਾਂ ਨੇ ਵਿਧਾਨ ਸਭਾ ਕੰਪਲੈਕਸ ਦੇ ਬਾਹਰ ਮੁਜ਼ਾਹਰਾ ਕੀਤਾ। ਆਤਿਸ਼ੀ ਨੇ ਦੋਸ਼ ਲਾਇਆ ਕਿ ਭਾਜਪਾ ਨੇ ਮੁੱਖ ਮੰਤਰੀ ਦਫ਼ਤਰ ’ਚੋਂ ਬੀ.ਆਰ. ਅੰਬੇਡਕਰ ਦੀ ਤਸਵੀਰ ਹਟਾ ਕੇ ਉਨ੍ਹਾਂ ਦਾ ਅਪਮਾਨ ਕੀਤਾ ਹੈ। ਉਨ੍ਹਾਂ ਪ੍ਰੈੱਸ ਵਾਰਤਾ ’ਚ ਕਿਹਾ, ‘ਭਾਜਪਾ ਨੇ ਬਾਬਾ ਸਾਹਿਬ ਅੰਬੇਡਕਰ ਦੀ ਤਸਵੀਰ ਹਟਾ ਕੇ ਆਪਣਾ ਅਸਲੀ ਰੰਗ ਦਿਖਾਇਆ ਹੈ। ਕੀ ਉਹ ਮੰਨਦੀ ਹੈ ਕਿ (ਪ੍ਰਧਾਨ ਮੰਤਰੀ) ਮੋਦੀ ਬਾਬਾ ਸਾਹਿਬ ਦੀ ਥਾਂ ਲੈ ਸਕਦੇ ਹਨ?’ ਦੂਜੇ ਪਾਸੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ‘ਆਪ’ ਦੇ ਦਾਅਵਿਆਂ ਦਾ ਖੰਡਨ ਕਰਦਿਆਂ ਕਿਹਾ ਕਿ ਅੰਬੇਡਕਰ, ਭਗਤ ਸਿੰਘ, ਮਹਾਤਮਾ ਗਾਂਧੀ ਅਤੇ ਰਾਸ਼ਟਰਪਤੀ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ।

# ਕੇਂਦਰ ਨੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਮੈਂਬਰਸ਼ਿਪ ਲਈ ਕਮੇਟੀ ਬਣਾਈ



**ਨਵੀਂ ਦਿਲੀ।** ਕੇਂਦਰ ਸਰਕਾਰ ਨੇ ਮੰਗਲਵਾਰ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਸੂਚਿਤ ਕੀਤਾ ਕਿ ਸੰਸਦ ਮੈਂਬਰਾਂ ਨੂੰ ਸੰਸਦੀ ਸੈਸ਼ਨ ਵਿੱਚ ਸ਼ਾਮਲ ਹੋਣ ਤੋਂ ਛੋਟ ਦੇਣ ਲਈ 14 ਮੈਂਬਰਾਂ ਦੀ ਇੱਕ ਕਮੇਟੀ ਬਣਾਈ ਗਈ ਹੈ। ਇਹ ਜਾਣਕਾਰੀ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਵੱਲੋਂ ਦਾਇਰ ਪਟੀਸ਼ਨ ਦੀ ਸੁਣਵਾਈ ਦੌਰਾਨ ਦਿੱਤੀ ਗਈ, ਜਿਨ੍ਹਾਂ ਨੂੰ ਰਾਸ਼ਟਰੀ ਸੁਰੱਖਿਆ ਐਕਟ ਤਹਿਤ ਹਿਰਾਸਤ ਵਿੱਚ ਲਿਆ ਗਿਆ ਸੀ। ਅੰਮ੍ਰਿਤਪਾਲ ਸਿੰਘ ਨੇ ਲੋਕ ਸਭਾ ਦੇ ਸਕੱਤਰ ਜਨਰਲ ਵੱਲੋਂ ਜਾਰੀ ਸੰਮਨਾਂ ਦੀ ਪਾਲਣਾ ਵਿੱਚ ਸੰਸਦੀ ਕਾਰਵਾਈ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦੇਣ ਲਈ ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਹੋਰਾਂ ਵਿਰੁੱਧ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ।

ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਵਧੀਕ ਸਾਲਿਸਟਰ ਜਨਰਲ ਸੱਤਿਆ ਪਾਲ ਜੈਨ ਨੇ ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੁਮਿਤ ਗੋਇਲ ਦੀ ਹਾਈ ਕੋਰਟ ਬੈਂਚ ਨੂੰ ਦੱਸਿਆ ਕਿ ਸੰਸਦ ਦੀ ਕਾਰਵਾਈ ਤੋਂ ਗੈਰਹਾਜ਼ਰੀ ਦੇ ਮਾਮਲਿਆਂ 'ਤੇ ਵਿਚਾਰ ਕਰਨ ਲਈ 24 ਫਰਵਰੀ ਨੂੰ 14 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਕਮੇਟੀ ਵੱਲੋਂ ਸਾਰੀਆਂ ਅਰਜ਼ੀਆਂ 'ਤੇ ਵਿਚਾਰ ਕੀਤਾ ਜਾਵੇਗਾ, ਜਿਸ ਵਿੱਚ ਪਟੀਸ਼ਨਰ ਅੰਮ੍ਰਿਤਪਾਲ ਸਿੰਘ ਦਾ ਕੇਸ ਵੀ ਸ਼ਾਮਲ ਹੈ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਸਾਂਝਾ ਅਧਿਆਪਕ ਮੋਰਚੇ ਅਤੇ ਡੈਮੋਕਰੇਟਿਕ ਟੀਚਰਜ਼ ਫਰੰਟ ਦੇ ਸੱਦੇ ਤੇ ਸਿੱਖਿਆ ਮੰਤਰੀ ਦਾ ਪੁਤਲਾ ਫੂਕ ਕੇ ਕੀਤੀ ਗਈ ਨਾਅਰੇਬਾਜ਼ੀ

## 8 ਮਾਰਚ ਨੂੰ ਆਨੰਦਪੁਰ ਸਾਹਿਬ ਵਿਖੇ ਕੀਤੀ ਜਾਵੇਗੀ ਵਿਸ਼ਾਲ ਸੂਬਾ ਪੱਧਰੀ ਰੈਲੀ

**ਕਪੂਰਥਲਾ (ਕੌੜਾ)–** ਸਾਂਝਾ ਅਧਿਆਪਕ ਮੋਰਚਾ ਤੇ ਡੈਮੋਕਰੇਟਿਕ ਟੀਚਰਜ਼ ਫਰੰਟ ਦੇ ਸੱਦੇ ਤੇ ਅੱਜ ਅਧਿਆਪਕਾਂ ਨੇ ਸਿੱਖਿਆ ਮੰਤਰੀ ਦਾ ਪੁਤਲਾ ਫੂਕ ਕੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਸ਼ਾਲੀਮਾਰ ਬਾਗ ਅੱਗੇ ਇਕੱਠੇ ਹੋਏ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਸਾਂਝਾ ਅਧਿਆਪਕ ਮੋਰਚਾ ਦੇ ਆਗੂ ਸੁਖਦਿਆਲ ਸਿੰਘ ਝੰਡ ਤੇ ਸੁਖਚੈਨ ਸਿੰਘ ਬੱਧਣ ਨੇ ਕਿਹਾ ਕਿ ਪੰਜਾਬ ਵਿੱਚ ਬਦਲਾਅ ਦੇ ਨਾਮ ਤੇ ਬਣੀ ਸਰਕਾਰ ਤੋਂ ਪੰਜਾਬ ਦੇ ਮੁਲਾਜਮਾਂ, ਕਿਸਾਨਾਂ, ਮਜਦੂਰਾਂ ਅਤੇ ਵਿਦਿਆਰਥੀਆਂ ਨੂੰ ਬਹੁਤ ਉਮੀਦਾਂ ਸਨ ਪਰ ਸਾਰੇ ਵਰਗਾਂ ਦੀਆਂ ਉਮੀਦਾਂ ਧਰੀਆਂ-ਧਰਾਈਆਂ ਰਹਿ ਗਈਆਂ। ਦੋ ਏਜੰਡਿਆਂ ਸਿੱਖਿਆ ਅਤੇ ਸਿਹਤ ਨੂੰ ਮੁੱਖ ਰੱਖ ਕੇ ਬਣੀ ਸਰਕਾਰ ਨੇ ਦੋਵਾਂ ਖੇਤਰਾਂ ਵਿੱਚ ਪੰਜਾਬ ਨੂੰ ਪਿੱਛੇ ਧੱਕ ਦਿੱਤਾ ਹੈ। ਪੰਜਾਬ ਦਾ ਸਿੱਖਿਆ ਮੰਤਰੀ ਅਧਿਆਪਕਾਂ ਨੂੰ ਮੀਟਿੰਗ ਤੇ ਬੁਲਾ ਕੇ ਅਤੇ ਮੀਟਿੰਗਾਂ ਵਿੱਚ ਮੰਗਾਂ ਮੰਨ ਕੇ ਮੁੱਕਰ ਰਿਹਾ ਹੈ। ਪੰਜਾਬ ਦਾ ਸਿੱਖਿਆ ਮੰਤਰੀ ਚਲਦੀਆਂ ਮੀਟਿੰਗਾਂ ਵਿੱਚ ਅੱਧ ਵਿਚਕਾਰ ਭੱਜ ਰਿਹਾ ਹੈ। ਬਲਾਕ ਤਹਿਸੀਲ ਪੱਧਰੀ ਅਰਥੀ ਫੂਕ ਮੁਜਹਾਰਿਆ ਤੋਂ ਬਾਅਦ 8 ਮਾਰਚ ਨੂੰ ਆਨੰਦਪੁਰ ਸਾਹਿਬ ਵਿਖੇ ਕੀਤੀ ਜਾਵੇਗੀ ਵਿਸ਼ਾਲ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ।

ਆਗੂਆਂ ਨੇ ਮੰਗਾਂ ਦਾ ਜਿਕਰ ਕਰਦਿਆਂ ਕਿਹਾ ਕਿ ਪੀ. ਟੀ. ਆਈਜ਼ / ਆਰਟ ਐਂਡ ਕਰਾਫਟ ਟੀਚਰਜ਼ ਦੀ ਤਨਖਾਹ ਕਟੌਤੀ ਦਾ ਪੱਤਰ ਵਾਪਸ ਲੈਣ, ਲੈਕਚਰਾਰਾਂ ਅਤੇ ਮਾਸਟਰ ਕੇਡਰ ਦੀਆਂ ਤਰੱਕੀਆਂ ਵਿੱਚ ਸਾਰੀਆਂ ਖਾਲੀ ਪੋਸਟਾਂ ਦਿਖਾ ਕੇ ਦੁਬਾਰਾ ਸਟੇਸ਼ਨ ਚੋਣ ਕਰਵਾਉਣ, ਕੰਪਿਊਟਰ ਅਧਿਆਪਕਾਂ ਨੂੰ ਪਿਕਟਸ ਸੁਸਾਇਟੀ ਦੀ ਬਜਾਏ ਸਿੱਖਿਆ ਵਿਭਾਗ ਵਿੱਚ ਸ਼ਿਫਟ ਕਰਨ ਸਮੇਤ ਤਨਖਾਹ ਦੁਹਰਾਈ ਅਤੇ ਮਹਿੰਗਾਈ ਭੱਤੇ ਦੇ ਪੱਤਰ ਲਾਗੂ ਕਰਨ, 2018 ਦੇ ਅਧਿਆਪਕ ਵਿਰੋਧੀ ਨਿਯਮ ਰੱਦ ਕਰਨ,, ਸਿੱਖਿਆ ਨੀਤੀ 2020 ਰੱਦ ਕਰਕੇ ਪੰਜਾਬ ਦੀ ਸਿੱਖਿਆ ਨੀਤੀ ਬਣਾਉਣ, 16 ਫਰਵਰੀ 2024 ਦੀ ਕੌਮੀ ਹੜਤਾਲ ਵਿੱਚ ਭਾਗ ਲੈਣ ਵਾਲੇ ਅਧਿਆਪਕਾਂ ਦੀ ਤਨਖਾਹ ਕਟੌਤੀ ਦਾ ਪੱਤਰ ਵਾਪਸ ਲੈਣ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਬੀ.ਐਲ.ਓ. ਸਮੇਤ ਅਧਿਆਪਕਾਂ ਤੋਂ ਵੱਖ-ਵੱਖ ਗੈਰ ਵਿੱਦਿਅਕ ਕੰਮ ਲੈਣੇ ਤੁਰੰਤ ਬੰਦ ਕੀਤੇ ਜਾਣ, ਬਦਲੀਆਂ ਦਾ ਕੰਮ ਨਵੇਂ ਸੈਸ਼ਨ ਤੋਂ ਪਹਿਲਾਂ ਪਹਿਲਾਂ ਮੁਕੰਮਲ ਕੀਤਾ ਜਾਵੇ, ਆਪਣੇ ਵਾਅਦੇ ਅਨੁਸਾਰ ਵਿਸ਼ੇਸ਼ ਕੈਟਾਗਰੀਆਂ ਲਈ ਬਦਲੀ ਦਾ ਪੋਰਟਲ ਹਰ ਮਹੀਨੇ ਖੋਲਿਆ ਜਾਵੇ। ਐਸ ਐਲ ਏ ਦੀ ਪੋਸਟ ਦਾ ਨਾਂ ਬਦਲਣ, ਪ੍ਰਾਇਮਰੀ ਸਕੂਲਾਂ ਵਿੱਚ ਜਮਾਤਵਾਰ ਅਤੇ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵਿਸ਼ਾਵਾਰ ਅਧਿਆਪਕਾਂ ਦੀ ਨਿਯੁਕਤੀ ਕਰਨ, ਦਫਤਰੀ ਕਾਮਿਆਂ ਸਮੇਤ ਹਰ ਤਰ੍ਹਾਂ ਦੇ ਰਹਿੰਦੇ ਕੱਚੇ ਅਧਿਆਪਕ ਪੂਰੇ ਗ੍ਰੇਡ 'ਤੇ ਪੱਕੇ ਕਰਨ, ਮੈਰੀਟੋਰੀਅਸ ਅਤੇ ਆਦਰਸ਼ ਸਕੂਲਾਂ ਦੇ ਸਟਾਫ ਨੂੰ ਸਿੱਖਿਆ ਵਿਭਾਗ ਵਿੱਚ ਪੱਕੇ ਕਰਨ, ਮਿਡਲ ਸਕੂਲਾਂ ਦੀ ਮਰਜਿੰਗ ਰੱਦ ਕਰਨ, ਹਰ ਵਰਗ ਦੀਆਂ ਰਹਿੰਦੀਆਂ ਤਰੱਕੀਆਂ ਕਰਨ, ਬੀਪੀਓ ਹੈੱਡਮਾਸਟਰ ਤੇ ਪ੍ਰਿੰਸੀਪਲ ਤੇ ਈਟੀਟੀ ਤੋਂ ਮਾਸਟਰ ਕਾਡਰ ਦੀਆਂ ਪਰਮੋਸ਼ਨਾਂ ਕਰਨ,ਸੀ ਈ ਪੀ ਤਹਿਤ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸਿੱਖਿਆ ਤੋਂ ਹਟਾ ਕੇ ਫਰਜ਼ੀ ਰਿਕਾਰਡ ਬਣਵਾਉਣਾ ਬੰਦ ਕਰਨ, ਹਰ ਤਰ੍ਹਾਂ ਦੇ ਗੈਰ ਵਿੱਦਿਅਕ ਕੰਮ ਅਧਿਆਪਕਾਂ ਤੋਂ ਲੈਣੇ ਬੰਦ ਕਰਨ, ਉਚੇਰੀ ਗ੍ਰੇਡ ਪੇਅ ਬਹਾਲ ਰੱਖਦਿਆਂ ਜਨਵਰੀ 2016 ਤੋਂ 125% ਮਹਿੰਗਾਈ ਭੱਤੇ 'ਤੇ ਤਨਖਾਹ ਦੁਹਰਾਈ ਕਰਨ, ਤਨਖਾਹ ਕਮਿਸ਼ਨ ਦੀ ਰਹਿੰਦੀ ਰਿਪੋਰਟ ਜਾਰੀ ਕਰਨ ਅਤੇ ਤਰੁੱਟੀਆਂ ਦੂਰ ਕਰਨ, ਸੋਧ ਦੇ ਨਾਂ ਤੇ ਬੰਦ ਕੀਤੇ ਪੇਂਡੂ ਭੱਤੇ ਸਮੇਤ ਸਮੁੱਚੇ ਭੱਤੇ ਬਹਾਲ ਕਰਨ, ਤਨਖਾਹ ਦੁਹਰਾਈ ਅਤੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੇ ਬਕਾਏ ਤੁਰੰਤ ਜਾਰੀ ਕਰਨ ਸਮੇਤ ਅਧਿਆਪਕਾਂ ਦੇ ਸਮੁੱਚੇ ਮਸਲੇ ਹੱਲ ਕਰਨ ਦੀ ਮੰਗ ਕੀਤੀ। ਧਰਨੇ ਵਿੱਚ ਹਾਜ਼ਰ ਆਗੂ ਸੁਖਚੈਨ ਸਿੰਘ ਬੱਧਣ ਜ਼ਿਲਾ ਪ੍ਰਧਾਨ ਜੀ ਟੀ ਯੂ ਕਪੂਰਥਲਾ , ਸੁਖਦਿਆਲ ਝੰਡ ਜਿਲ੍ਹਾ ਪ੍ਰਧਾਨ ਅਧਿਆਪਕ ਦਲ ਕਪੂਰਥਲਾ, ਸਰਵਣ ਸਿੰਘ ਔਜਲਾ ਸੂਬਾ ਆਗੂ ਡੀ ਟੀ ਐਫ ,ਹਰਦੇਵ ਸਿੰਘ ਖਾਨੋਵਾਲ, ਡਾਕਟਰ ਅਰਵਿੰਦਰ ਸਿੰਘ ਭਰੋਤ, ਜਗਜੀਤ ਸਿੰਘ ਬੂਲਪੁਰ ,ਸੁਖਜਿੰਦਰ ਸਿੰਘ ਢੋਲਣ , ਅਜੇ ਗੁਪਤਾ , ਸੁਖਦੇਵ ਸਿੰਘ ਬੂਲਪੁਰ , ਅਸ਼ਵਨੀ ਕੁਮਾਰ , ਗੁਰਦੇਵ ਸਿੰਘ ਧੰਮਬਾਦਸ਼ਾਹਪੁਰ, ਸੁਖਨਿੰਦਰ ਸਿੰਘ ,ਅਨਿਲ ਸ਼ਰਮਾ , ਬਲਜੀਤ ਸਿੰਘ ਟਿੱਬਾ ,ਪ੍ਰਦੀਪ ਸਿੰਘ ,ਰਾਜ ਕੁਮਾਰ , ਰਜੀਵ ਪਠਾਨੀਆ,ਕਮਲਜੀਤ ਸਿੰਘ ਸੁਨੀਲ ਕੁਮਾਰ ਆਦਿ ਮੌਜੂਦ ਸਨ।


**ਸਿੱਖਿਆ ਮੰਤਰੀ ਦਾ ਪੁਤਲਾ ਫੂਕ ਕੇ ਨਾਅਰੇਬਾਜੀ ਕਰਦੇ ਹੋਏ ਅਧਿਆਪਕ।**

# ਜੀ ਡੀ ਗੋਇਨਕਾ ਸਕੂਲ,ਕਪੂਰਥਲਾ ਵਿਖੇ ਕਰਵਾਈ ਗਈ ਸਲਾਨਾ ਸਪੋਰਟਸ ਮੀਟ

## ਵਰਿੰਦਰਪਾਲ ਸਿੰਘ ਬਾਜਵਾ ਏ ਡੀ ਸੀ ਮੁੱਖ ਮਹਿਮਾਨ ਵਜੋਂ ਹੋਏ ਸ਼ਾਮਲ

**ਕਪੂਰਥਲਾ (ਕੌੜਾ)–** ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਵਿੱਚ ਸਾਲਾਨਾ ਸਪੋਰਟਸ ਮੀਟ ਕਰਵਾਈ ਗਈ। ਜਿਸ ਦਾ ਉਦਘਾਟਨ ਮੁੱਖ ਮਹਿਮਾਨ ਵਰਿੰਦਰਪਾਲ ਸਿੰਘ ਬਾਜਵਾ ਕ ਮਿ ਸ਼ ਨ ਰ ਕਾਰਪੋਰੇਸ਼ਨ ਅਤੇ ਏ.ਡੀ.ਸੀ ਕਪੂਰਥਲਾ ਵੱਲੋਂ ਕੀਤਾ ਗਿਆ। ਇਸ ਮੌਕੇ ਅਸ਼ਵਨੀ ਪੁਰੀ ਸਾਬਕਾ ਚੇਅਰਮੈਨ ਕਾਲਜ ਆਫ ਇੰਜੀਨੀਅਰਿੰਗ ਐਂਡ ਮੈਨੇਜਮੈਂਟ ਅਤੇ ਮੱਖਣ ਸਿੰਘ ਪੱਡਾ (ਯੂ.ਐੱਸ.ਏ) ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਖੇਡਾਂ ਦੀ ਸ਼ੁਰੂਆਤ ਮਾਰਚ ਪਾਸਟ ਰਾਹੀ, ਮਸ਼ਾਲ ਜਗਾ ਕੇ ਕੀਤੀ ਗਈ। ਵਿਦਿਆਰਥੀਆਂ ਨੇ ਆਪੋ- ਆਪਣੇ ਹਾਊਸ ਦੀ ਅਗਵਾਈ ਕੀਤੀ। ਬਾਅਦ ਵਿੱਚ ਲੜਕੇ ਤੇ ਲੜਕੀਆਂ ਦੀਆਂ 100 ਮੀਟਰ , 200 ਮੀਟਰ ਦੌੜ , ਸ਼ਾਟਪੁੱਟ, ਰੱਸਾ ਕੱਸੀ ਅਤੇ ਵੱਖ-ਵੱਖ ਮਨੋਰੰਜਕ ਖੇਡਾਂ ਕਰਵਾਈਆਂ ਗਈਆਂ ।ਇਸ ਤੋ ਇਲਾਵਾ ਅਧਿਆਪਕਾ ਅਤੇ ਕਰਮਚਾਰੀਆਂ ਦੇ ਮਨੋਰੰਜਕ ਮੁਕਾਬਲੇ ਵੀ ਕਰਵਾਏ ਗਏ। ਉਪਰੰਤ ਜੇਤੂ ਵਿਦਿਆਰਥੀਆਂ ਨੂੰ ਅਸ਼ਵਨੀ ਪੁਰੀ ਜੀ, ਸਕੂਲ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ ਅਤੇ ਪ੍ਰਿੰਸੀਪਲ ਊਸ਼ਾ ਪਰਮਾਰ ਜੀ ਵੱਲੋਂ ਇਨਾਮ ਤਕਸੀਮ ਕੀਤੇ ਗਏ। ਸਮਾਗਮ ਨੂੰ ਸੰਬੋਧਨ ਕਰਦਿਆਂ ਵਰਿੰਦਰਪਾਲ ਸਿੰਘ ਬਾਜਵਾ ਜੀ ਨੇ ਕਿਹਾ ਕਿ ਬੱਚਿਆਂ ਦੇ ਸਰੀਰਕ, ਬੌਧਿਕ ਤੇ ਮਾਨਸਿਕ ਵਿਕਾਸ ਅਤੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਅਜਿਹੇ ਖੇਡ ਮੁਕਾ- ਬਲੇ ਕਰਵਾਏ ਜਾਣੇ ਜਰੂਰੀ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਖੇਡਾਂ ਦੇ ਨਾਲ- ਨਾਲ ਇਮਤਿਹਾਨਾਂ ਵਿੱਚ ਵਧੀਆ ਕਾਰਗੁਜਾਰੀ ਕਰਨ ਲਈ ਪ੍ਰੇਰਿਤ ਕੀਤਾ। ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ, ਸਕੱਤਰ ਸ਼੍ਰੀਮਤੀ ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਸ਼੍ਰੀਮਤੀ ਊਸ਼ਾ ਪਰਮਾਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਸਲਾਨਾ ਖੇਡ ਮੇਲੇ ਨੂੰ ਸਫਲ ਬਣਾਉਣ ਲਈ ਸਟਾਫ ਅਤੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ।



# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾਕੂਵਾਲਾ ਵਿਖੇ ਕੌਮਾਂਤਰੀ ਜਲਗਾਹ ਦਿਵਸ ਮੌਕੇ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ

**ਸ਼੍ਰੀ ਮੁਕਤਸਰ ਸਾਹਿਬ (ਜਸਵਿੰਦਰ ਪਾਲ ਸ਼ਰਮਾ)–** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾਕੂਵਾਲਾ ਵਿਖੇ ਪ੍ਰਿੰਸੀਪਲ ਮੈਡਮ ਰੇਨੂ ਬਾਲਾ ਅਤੇ ਸਾਇੰਸ ਅਧਿਆਪਕ ਰਾਜਿੰਦਰ ਸਿੰਘ ਦੀ ਅਗਵਾਈ ਹੇਠ ਕੌਮਾਂਤਰੀ ਜਲਗਾਹ ਦਿਵਸ ਮਨਾਇਆ ਗਿਆ। ਇਸ ਅਧੀਨ ਸਕੂਲ ਵਿੱਚ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਵਿਦਿਆਰਥੀਆਂ ਦੇ ਜਲਗਾਹ ਅਤੇ ਪਾਣੀ ਨੂੰ ਬਚਾਉਣ ਲਈ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਸਕੂਲ ਵਿੱਚ ਅਤੇ ਸਕੂਲ ਦੇ ਬਾਹਰ ਚਾਰਦੀਵਾਰੀ ਦੇ ਨਾਲ ਪੌਦੇ ਲਗਾਏ ਗਏ। ਬੱਚਿਆਂ ਨੇ ਇਹਨਾਂ ਸਭ ਗਤੀਵਿਧੀਆਂ ਵਿੱਚ ਬਹੁਤ ਉਤਸ਼ਾਹ ਨਾਲ ਭਾਗ ਲਿਆ।




The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸ਼੍ਰੀ ਕੀਰਤਨ ਸੇਵਾ ਸੁਸਾਇਟੀ ਵੱਲੋਂ ਨਿਸ਼ਕਾਮ ਰੂਪ 'ਚ ਬੇਸਹਾਰਾ ਇਸਤਰੀਆਂ ਨੂੰ ਵੰਡੀਆਂ ਗਈਆਂ ਰਾਸ਼ਨ ਦੀਆਂ ਕਿੱਟਾਂ





**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਮੁਨੱਖੀ ਸੇਵਾ ਕਾਰਜਾਂ ਨੂੰ ਸਮਰਪਿਤ ਸੰਸਥਾ ਸ਼੍ਰੀ ਕੀਰਤਨ ਸੇਵਾ ਸੁਸਾਇਟੀ (ਰਜਿ:) ਦੇ ਵੱਲੋਂ ਅੱਜ ਮਾਡਲ ਟਾਊਨ ਐਕਸਟੈਨਸ਼ਨ ਲੁਧਿਆਣਾ ਵਿਖੇ ਸਥਿਤ ਆਪਣੇ ਦਫ਼ਤਰ ਵਿਖੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਹੋਇਆਂ ਬੇਸਹਾਰਾ ਇਸਤਰੀਆਂ ਦੀ ਮੱਦਦ ਕਰਨਾ ਹਿੱਤ ਉਨ੍ਹਾਂ ਨੂੰ ਸੁਸਾਇਟੀ ਦੇ ਵੱਲੋਂ ਨਿਸ਼ਕਾਮ ਰੂਪ ਵਿੱਚ ਰਾਸ਼ਨ ਦੀਆਂ ਕਿੱਟਾਂ ਵੰਡੀਆਂ ਗਈਆਂ। ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਮਾਸਟਰ ਤਰਲੋਚਨ ਸਿੰਘ ਤੇ ਮੁੱਖ ਸੇਵਾਦਾਰ ਸ੍ਰ: ਪ੍ਰੇਮ ਸਿੰਘ ਨੇ ਸਾਂਝੇ ਤੌਰ ਤੇ ਕਿਹਾ ਕਿ ਗੁਰੂ ਸਹਿਬਾਨ ਵੱਲੋਂ ਬਖਸ਼ੇ ਸੇਵਾ ਸੰਕਲਪ ਤੇ ਪਹਿਰਾ ਦੇ ਕੇ ਮੁਨੱਖਤਾ ਦੀ ਸੇਵਾ ਕਰਨੀ ਸਭ ਤੋਂ ਉੱਤਮ ਸੇਵਾ ਹੈ। ਇਸੇ ਸੇਵਾ ਮਿਸ਼ਨ ਤੇ ਚੱਲਦਿਆਂ ਸਤਿਗੁਰੂ ਦੀ ਅਪਾਰ ਬਖਸ਼ਿਸ਼ ਸਦਕਾ ਸ਼੍ਰੀ ਕੀਰਤਨ ਸੇਵਾ ਸੁਸਾਇਟੀ (ਰਜਿ:) ਪਿਛਲੇ ਕਈ ਸਾਲਾਂ ਤੋਂ ਨਿਸ਼ਕਾਮ ਰੂਪ ਵਿੱਚ ਮੁਨੱਖੀ ਭਲਾਈ ਕਾਰਜਾਂ ਵਿੱਚ ਜੁੱਟੀ ਹੋਈ ਹੈ। ਜਿਸ ਦੇ ਅੰਤਰਗਤ ਸੁਸਾਇਟੀ ਵੱਲੋਂ ਜਿੱਥੇ ਲੋਕਾਂ ਨੂੰ ਫਰੀ ਮੈਡੀਕਲ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ, ਅੱਖਾਂ ਦੇ ਫਰੀ ਚੈਕਅੱਪ ਕੈਪ ਮਰੀਜ਼ਾਂ ਲਈ ਲਗਾਏ ਜਾਂਦੇ ਹਨ ਅਤੇ ਲੋੜਵੰਦ ਵਿਧਵਾਵਾਂ ਦੀ ਮੱਦਦ ਕਰਨ ਹਿੱਤ ਉਨ੍ਹਾਂ ਨੂੰ ਸੁਸਾਇਟੀ ਵੱਲੋਂ ਹਰ ਮਹੀਨੇ ਨਿਸ਼ਕਾਮ ਰੂਪ ਵਿੱਚ ਰਾਸ਼ਨ ਵੀ ਵੰਡਿਆ ਜਾਂਦਾ ਹੈ। ਇਸ ਤੋਂ ਇਲਾਵਾ ਸੁਸਾਇਟੀ ਵੱਲੋਂ ਲੁਧਿਆਣਾ ਸ਼ਹਿਰ ਵਿਖੇ ਲੜਕੀਆਂ ਨੂੰ ਸਿਲਾਈ ਕਢਾਈ ਦੀ ਸਿਖਲਾਈ ਦੇਣ ਲਈ ਦੋ ਸਿਲਾਈ ਸੈਟਰ ਵੀ ਚਲਾਏ ਜਾ ਰਹੇ ਹਨ। ਇਸ ਮੌਕੇ ਸੁਸਾਇਟੀ ਦੀ ਰਾਸ਼ਨ ਵੰਡ ਇੰਚਾਰਜ ਬੀਬੀ ਬਲਦੇਵ ਕੌਰ ਤੇ ਸ੍ਰ: ਸੁਰਿੰਦਰ ਸਿੰਘ ਨੇ ਦੱਸਿਆ ਕਿ ਲੋੜਵੰਦ ਵਿਧਵਾਵਾਂ ਦੀ ਮੱਦਦ ਕਰਨ ਦੇ ਮਨੋਰਥ ਨਾਲ ਪਿਛਲੇ ਲੰਬੇ ਸਮੇਂ ਤੋਂ ਚੱਲ ਰਹੀ ਸੇਵਾ ਨੂੰ ਨਿਰੰਤਰ ਜਾਰੀ ਰੱਖਣ ਲਈ ਸੁਸਾਇਟੀ ਦੇ ਸਮੂਹ ਮੈਬਰਾਂ ਵੱਲੋਂ ਆਪਣਾ ਬਣਦਾ ਯੋਗਦਾਨ ਸੇਵਾ ਕਾਰਜਾਂ ਵਿੱਚ ਪਾਇਆ ਜਾ ਰਿਹਾ ਹੈ। ਅੱਜ ਅਸੀਂ 40 ਦੇ ਕਰੀਬ ਲੋੜਵੰਦ ਵਿਧਵਾਵਾਂ ਦੀ ਮੱਦਦ ਕਰਦਿਆਂ ਉਨ੍ਹਾਂ ਨੂੰ ਨਿਸ਼ਕਾਮ ਰੂਪ ਵਿੱਚ ਰਾਸ਼ਨ ਦੀਆਂ ਕਿੱਟਾਂ ਤਕਸੀਮ ਕੀਤੀਆਂ ਹਨ। ਇਸ ਸਮੇਂ ਸੁਸਾਇਟੀ ਦੇ ਸਰਪ੍ਰਸਤ ਮਾਸਟਰ ਤਰਲੋਚਨ ਸਿੰਘ, ਸ੍ਰ: ਪ੍ਰੇਮ ਸਿੰਘ ਮੁੱਖ ਸੇਵਾਦਾਰ,ਪ੍ਰਿਥੀਪਾਲ ਸਿੰਘ ਗੰਭੀਰ, ਮਨਪ੍ਰੀਤ ਸਿੰਘ, ਰਮਨਜੋਤ ਸਿੰਘ ਸੋਨੂੰ, ਗੁਰਿੰਦਰ ਸਿੰਘ ਦੀਪ, ਉਕਾਂਰ ਸਿੰਘ ਜਵੱਦੀ, ਉ.ਪੀ ਚੁੱਘ ਆਦਿ ਹਾਜ਼ਰ ਸਨ ।

# ਪੰਜ ਮਾਰਚ ਚੰਡੀਗੜ੍ਹ ਵਿਖੇ ਲੱਗਣ ਵਾਲੇ ਧਰਨੇ ਦਾ ਕਿਸਾਨਾਂ ਵਿੱਚ ਭਾਰੀ ਉਤਸ਼ਾਹ : ਲੱਖੋਵਾਲ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਭਾਰਤੀ ਕਿਸਾਨ ਯੂਨੀਅਨ ਰਜਿ:283 ਦੇ ਸੂਬਾ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਨੇ ਪ੍ਰੈਸ ਨੋਟ ਜਾਰੀ ਕਰਦੇ ਹੋਏ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਵੱਲੋਂ ਪੰਜ ਮਾਰਚ ਤੋਂ ਚੰਡੀਗੜ੍ਹ ਵਿਖੇ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਦੇਸ਼ ਦੇ ਕਿਸਾਨਾਂ ਨਾਲ ਕੀਤੀ ਵਾਅਦਾ ਖਲਾਫੀ ਖਲਾਫ਼ ਧਰਨਾ ਲਗਾਇਆ ਜਾ ਰਿਹਾ ਹੈ ਚੰਡੀਗੜ੍ਹ ਦੇ ਧਰਨੇ ਲਈ ਕਿਸਾਨਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ, ਧਰਨੇ ਦੀਆਂ ਵੱਡੇ ਪੱਧਰ ਤੇ ਤਿਆਰੀਆਂ ਚੱਲ ਰਹੀਆਂ ਹਨ। ਜ਼ਿਲ੍ਹਿਆਂ,ਬਲਾਕਾਂ ਤੇ ਪਿੰਡ ਪੱਧਰ ਤੇ ਆਗੂਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ।

ਲੱਖੋਵਾਲ ਨੇ ਕਿਹਾ ਕਿ ਐਸਕੇਐਮ ਦੀ ਪੰਜਾਬ ਸਰਕਾਰ ਨਾਲ ਮੀਟਿੰਗ ਹੋਈ ਸੀ ਜਿਸ ਵਿੱਚ ਪੰਜਾਬ ਸਰਕਾਰ ਨੇ ਐਸਕੇਐਮ ਨਾਲ ਇੱਕ ਲਿਖਤੀ ਸਮਝੌਤਾ ਕੀਤਾ ਸੀ ਜਿਸ ਵਿੱਚ ਕਿਸਾਨਾਂ ਦੀਆਂ ਕਈ ਮੰਗਾਂ ਮੰਨ ਕੇ ਲਾਗੂ ਜਾਣੀਆਂ ਸਨ ਜਿਵੇਂ ਕਿ ਕਿਸਾਨ ਜਥੇਬੰਦੀਆਂ ਦੀ ਇੱਕ ਅਹਿਮ ਮੰਗ ਸੀ ਕਿ ਜੋ ਦਿੱਲੀ ਮੋਰਚੇ ਦੇ ਸ਼ਹੀਦ ਕਿਸਾਨ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਨੌਕਰੀਆਂ ਦੇਣਾ, ਕਿਸਾਨਾਂ ਸਿਰ ਚੜੇ ਕਰਜ਼ੇ ਦੇ ਮਾਮਲੇ, ਜ਼ਮੀਨਾਂ ਦੇ ਤਕਸੀਮਾਂ ਦੇ ਕੇਸਾਂ ਦਾ ਨਿਪਟਾਰਾ, ਸਰਹੰਦ ਫੀਡਰ ਤੇ ਲਿਫਟ ਪੰਪਾਂ ਵਾਲੀਆਂ ਮੋਟਰਾਂ ਨੂੰ ਖੇਤੀਬਾੜੀ ਕਨੈਕਸ਼ਨ ਐਲਾਨ ਕੇ ਬਿੱਲ ਮਾਫ ਕਰਨੇ, ਖਾਦਾਂ ਦੇ ਨਾਲ ਨੈਨੋ ਪੈਕਿੰਗ ਦੇਣੀ ਬੰਦ ਕਰਨੀ, ਇਸੇ ਤਰ੍ਹਾਂ ਨਕਲੀ ਕੀੜੇ ਮਾਰ ਅਤੇ ਨਦੀਨ ਨਾਸ਼ਕ ਦਵਾਈਆਂ ਬੀਜਾਂ ਅਤੇ ਖਾਦਾਂ ਦੇ ਮਸਲੇ, ਜੰਗਲੀ ਜਾਨਵਰਾਂ ਤੋਂ ਫਸਲਾਂ ਦੀ ਰਾਖੀ ਲਈ ਮੁੜ ਤੋਂ 12 ਬੋਰ ਦੇ ਹਥਿਆਰ ਦਾ ਲਾਈਸੈਂਸ ਦੇਣਾ, ਪਸ਼ੂਆਂ ਅਤੇ ਕੁੱਤਿਆਂ ਦਾ ਹੱਲ ਕੱਢਣਾ, ਖੇਤੀਬਾੜੀ ਬੀਮਾ ਯੋਜਨਾ ਲਾਗੂ ਕਰਨੀ, ਕਿਸਾਨਾਂ ਨੂੰ ਹੜਾਂ ਅਤੇ ਗੜ੍ਹੇਮਾਰੀ ਕਾਰਨ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ ਦੇਣਾ ਤੇ ਸਹਿਕਾਰੀ ਸੋਸਾਇਟੀਆਂ ਵਿੱਚ ਨਵੇਂ ਖਾਤੇ ਖੋਲਣ ਤੇ ਲਾਈਵ ਪਾਬੰਦੀ ਹਟਾਉਣਾ, ਆਬਾਦਕਾਰਾਂ ਅਤੇ ਗੰਨਾ ਕਾਸ਼ਤਕਾਰਾਂ ਦੇ ਮਸਲਿਆਂ ਸੰਬੰਧੀ ਵੀ ਸਰਕਾਰ ਇੱਕ ਸਭ ਕਮੇਟੀ ਬਣਾਵੇ, ਗੰਨੇ ਦੀ ਬਕਾਇਆ ਰਾਸ਼ੀ ਸਮੇਂ ਸਿਰ ਕਿਸਾਨਾਂ ਦੇ ਖਾਤਿਆਂ ਵਿੱਚ ਪਾਉਣਾ, ਸਾਰੀਆਂ ਸਬਜ਼ੀਆਂ ਤੇ ਦਾਲਾਂ ਮੱਕੀ ਤੇ ਐਮਐਸਪੀ ਦੇਣਾ, ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਸਰਕਾਰ ਪਾਣੀਆਂ ਤੇ ਮਾਲਕੀ ਦਾ ਹੱਕ ਜਤਾਵੇ, ਅਤੇ ਡੈਮ ਸੇਫਟੀ ਐਕਟ ਰੱਦ ਕਰਵਾਉਣ ਲਈ ਕੇਂਦਰ ਸਰਕਾਰ ਤੇ ਜ਼ੋਰ ਪਾਵੇ, ਬਿਜਲੀ ਸੋਧ ਬਿੱਲ 2022 ਨੂੰ ਰੱਦ ਕਰਵਾਉਣਾ, ਚਿੱਪ ਵਾਲੇ ਸਮਾਰਟ ਮੀਟਰ ਲਾਉਣੇ ਬੰਦ ਕਰਨੇ ਇਹਨਾਂ ਮੰਗਾਂ ਨਾਲ ਐਸਕੇਐਮ ਦੇ ਆਗੂਆਂ ਨੇ ਪੰਜਾਬ ਸਰਕਾਰ ਨਾਲ ਮੀਟਿੰਗ ਕੀਤੀ ਜਿਸ ਵਿੱਚ ਕੁਝ ਮੰਗਾਂ ਤੇ ਸਹਿਮਤੀ ਹੋਈ ਸੀ ਤੇ ਮਾਨ ਸਰਕਾਰ ਨੇ ਭਰੋਸਾ ਦਿੱਤਾ ਸੀ ਕਿ 31 ਮਾਰਚ 2024 ਤੱਕ ਇਹਨਾਂ ਨੂੰ ਲਾਗੂ ਕੀਤਾ ਜਾਵੇਗਾ ਪਰ ਸਰਕਾਰ ਨੇ ਇਹਨਾਂ ਵਿੱਚੋਂ ਇੱਕ ਵੀ ਮੰਗ ਹੁਣ ਤੱਕ ਧਰਾਤਲ ਤੇ ਲਾਗੂ ਨਹੀਂ ਕੀਤੀ ਤੇ ਤੇ ਨਾ ਹੀ ਜੋ ਕੇਂਦਰ ਸਰਕਾਰ ਨੇ ਨਵਾਂ ਖੇਤੀਬਾੜੀ ਖਰੜਾ ਕਾਨੂੰਨ ਤਿਆਰ ਕਰਕੇ ਰਾਜਾਂ ਨੂੰ ਭੇਜਿਆ ਹੈ ਉਸ ਨੂੰ ਵੀ ਅਜੇ ਤੱਕ ਪੰਜਾਬ ਸਰਕਾਰ ਨੇ ਵਿਧਾਨ ਸਭਾ ਸੈਸ਼ਨ ਵਿੱਚ ਲਿਆ ਕੇ ਰੱਦ ਨਹੀਂ ਕੀਤਾ ਇਸੇ ਤਰ੍ਹਾਂ ਕੇਂਦਰ ਸਰਕਾਰ ਨੇ ਵੀ ਕਿਸਾਨਾਂ ਨਾਲ ਦਿੱਲੀ ਮੋਰਚੇ ਦੇ ਚੁੱਕਣ ਸਮੇਂ ਕਿਸਾਨਾਂ ਨਾਲ ਕਈ ਵਾਅਦੇ ਕੀਤੇ ਸੀ ਜਿਵੇਂ ਕਿ ਐਮਐਸਪੀ ਤੇ ਸਾਰੀਆਂ ਫਸਲਾਂ ਖਰੀਦਣ ਦੀ ਗਰੰਟੀ ਕਾਨੂੰਨ ਬਣਾਉਣਾ, ਫਸਲਾਂ ਦੇ ਭਾਅ ਸਵਾਮੀਨਾਥਨ ਦੀ ਰਿਪੋਰਟ ਮੁਤਾਬਕ ਛ2 +50% ਨਾਲ ਜੋੜ ਕੇ ਦੇਣੇ, ਫਸਲੀ ਬੀਮਾ ਯੋਜਨਾ ਲਾਗੂ ਕਰਨੀ, ਕਿਸਾਨਾਂ ਦੇ ਖੇਤੀ ਕਰਜੇ ਮਾਫ਼ ਕਰਨੇ, ਲਖੀਮਪੁਰ ਘਟਨਾ ਦਾ ਇਨਸਾਫ਼, ਮੋਰਚੇ ਦੌਰਾਨ ਸ਼ਹੀਦ ਹੋਏ ਕਿਸਾਨਾਂ ਤੇ ਮਜ਼ਦੂਰਾਂ ਨੂੰ ਮੁਆਵਜਾ ਤੇ ਸਰਕਾਰੀ ਨੌਕਰੀਆਂ ਦੇਣਾ, ਕਿਸਾਨਾਂ ਦੇ ਦਰਜ ਪਰਚੇ ਰੱਦ ਕਰਨੇ ਆਦਿ ਮੰਗਾਂ ਸਨ ਜੋ ਕੇਂਦਰ ਸਰਕਾਰ ਨੇ ਦਿੱਲੀ ਮੋਰਚੇ ਦੇ ਚੁੱਕਣ ਮੌਕੇ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਕਿ ਇਹਨਾਂ ਨੂੰ ਜਲਦੀ ਤੋਂ ਜਲਦੀ ਲਾਗੂ ਕੀਤਾ ਜਾਵੇਗਾ ਪਰ ਹੁਣ ਤੱਕ ਸਿਰਫ਼ ਗੱਲਾਂ ਹੀ ਰਹਿ ਗਈਆਂ ਹਨ ਸਾਡੀ ਕੋਈ ਵੀ ਮੰਗ ਮੰਨੀ ਨਹੀਂ ਗਈ ਜਿਸ ਕਾਰਨ ਕਿਸਾਨਾਂ ਅੰਦਰ ਭਾਰੀ ਰੋਸ ਹੈ । ਇਸ ਲਈ ਸਰਕਾਰ ਨੂੰ ਇੱਕ ਵਾਰ ਫੇਰ ਦੁਬਾਰਾ ਜਗਾਉਣ ਲਈ 5 ਮਾਰਚ ਤੋਂ ਚੰਡੀਗੜ੍ਹ ਵਿਖੇ ਪੱਕਾ ਮੋਰਚਾ ਲੱਗਣ ਜਾ ਰਿਹਾ ਹੈ ਜਿਸ ਵਿੱਚ ਸਾਰੇ ਪੰਜਾਬ ਦੇ ਕਿਸਾਨ ਵੱਧ ਚੜ ਕੇ ਸ਼ਾਮਲ ਹੋ ਰਹੇ ਹਨ। ਕਿਸਾਨਾਂ ਅੰਦਰ ਆਪਣੇ ਹੱਕ ਲੈਣ ਲਈ ਭਾਰੀ ਉਤਸਾਹ ਹੈ, ਤਿਆਰੀਆਂ ਪੂਰੇ ਜ਼ੋਰ ਸ਼ੋਰ ਨਾਲ ਚੱਲ ਰਹੀਆਂ ਹਨ । ਇਹ ਮੋਰਚਾ ਕੇਂਦਰ ਤੇ ਪੰਜਾਬ ਸਰਕਾਰ ਲਈ ਚੇਤਾਵਨੀ ਹੈ ਜੇਕਰ ਕਿਸਾਨਾਂ ਦੀਆਂ ਮੰਗਾਂ ਉਹ ਲਾਗੂ ਨਹੀਂ ਕਰਦੇ ਤਾਂ ਕਿਸਾਨ ਲੰਬੇ ਸਮੇਂ ਤੱਕ ਦੇਸ਼ ਦੀਆਂ ਰਾਜਧਾਨੀਆਂ ਵਿੱਚ ਇਸੇ ਤਰ੍ਹਾਂ ਡਟੇ ਰਹਿਣਗੇ। 5 ਮਾਰਚ ਨੂੰ ਪੰਜਾਬ ਵਿੱਚੋਂ ਹਜ਼ਾਰਾਂ ਟਰੈਕਟਰ ਟਰਾਲੀਆਂ, ਬੱਸਾਂ, ਕਾਰਾਂ ਤੇ ਕਿਸਾਨ ਲੰਗਰ ਪਾਣੀ, ਰਾਸ਼ਨ ਤੇ ਰਹਿਣ ਦਾ ਸਮਾਨ ਲੈ ਕੇ ਪਹੁੰਚ ਰਹੇ ਹਨ । ਅਜੇ ਵੀ ਸਮਾਂ ਹੈ ਕਿ ਸਰਕਾਰ ਕਿਸਾਨਾਂ ਦੀਆਂ ਮੰਗਾਂ ਮੰਨ ਲਵੇ ਨਹੀਂ ਤਾਂ ਇੰਤਜ਼ਾਰ ਕਰੇ ਕਿਸਾਨ ਇਸ ਵਾਰ ਆਰ-ਪਾਰ ਦੀ ਲੜਾਈ ਲੜਨ ਲਈ ਦੇਸ਼ ਦੀਆਂ ਰਾਜਧਾਨੀਆਂ ਵਿੱਚ ਪੰਜ ਮਾਰਚ ਨੂੰ ਇਕੱਠੇ ਹੋ ਰਹੇ ਹਨ।

for more news visit:
www.samajweekly.com

# ਕਲੱਸਟਰ ਅਕਾਦਮਿਕ ਮੀਟਿੰਗ ਕਰਵਾਈ

**ਸ੍ਰੀ ਅਨੰਦਪੁਰ ਸਾਹਿਬ ( ਸੰਜੀਵ ਧਰਮਾਣੀ )** ਬਲਾਕ ਸ੍ਰੀ ਅਨੰਦਪੁਰ ਸਾਹਿਬ ਦੇ ਢੇਰ ਕਲੱਸਟਰ ਵਿਖੇ ਅੱਜ ਸਾਂਝੀ ਸਿੱਖਿਆ ਦੇ ਸਹਿਯੋਗ ਨਾਲ ਕਲੱਸਟਰ ਮੁੱਖ ਅਧਿਆਪਕ ਮੈਡਮ ਕਮਲਜੀਤ ਕੌਰ ਜੀ ਦੀ ਅਗਵਾਈ ਵਿੱਚ ਸਕੂਲ ਮੁੱਖੀਆਂ ਦੀ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ 8 ਵੱਖ ਵੱਖ ਸਕੂਲਾਂ ਦੇ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦੇ ਦੌਰਾਨ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਹੋਰ ਵਧੀਆ ਬਣਾਉਣ ਅਤੇ ਆਉਣ ਵਾਲੀਆਂ ਪ੍ਰੀਖਿਆਵਾਂ ਲਈ ਦੁਹਰਾਈ ਦੇ ਵੱਖ-ਵੱਖ ਨੁਕਤਿਆ ਉੱਤੇ ਵਿਚਾਰ ਚਰਚਾ ਕੀਤੀ ਗਈ। ਇਸ ਚਰਚਾ



ਦੌਰਾਨ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਪੜਾਉਣ ਦੀਆਂ ਵੱਖ ਵੱਖ ਅਧਿਆਪਨ ਤਕਨੀਕਾਂ ਸਾਂਝੀਆਂ ਕੀਤੀਆਂ ਗਈਆਂ। ਇਸਦੇ ਨਾਲ ਹੀ ਨਿਪੁੰਨ ਭਾਰਤ ਦੇ ਅਧੀਨ ਵਿਦਿਆਰਥੀਆਂ ਦੇ ਟੀਚਿਆਂ ਉੱਪਰ ਵੀ ਵਿਚਾਰ ਚਰਚਾ ਕੀਤੀ ਗਈ।

ਇਸ ਮੀਟਿੰਗ ਦੌਰਾਨ ਕਲੱਸਟਰ ਮੁੱਖ ਅਧਿਆਪਕ ਮੈਡਮ ਕਮਲਜੀਤ ਕੌਰ, ਅਮਨਪ੍ਰੀਤ ਕੌਰ, ਰਾਜਵਿੰਦਰ ਕੌਰ, ਸੀਮਾ ਰਾਣੀ, ਬਲਵੀਰ ਸਿੰਘ, ਵਿਕਰਮ ਸ਼ਰਮਾ, ਸੁਰਿੰਦਰ ਕੁਮਾਰ ਕਾਲੀਆ, ਹਰਜਿੰਦਰ ਕੌਰ, ਸੰਜੀਵ ਕੁਮਾਰ, ਗੁਰਚਰਨ ਸਿੰਘ, ਮਨਪ੍ਰੀਤ ਕੌਰ, ਮਨਜੀਤ ਕੌਰ, ਸਾਂਝੀ ਸਿੱਖਿਆ ਵੱਲੋਂ ਗੁਰਚਰਨ ਸਿੰਘ, ਮਾਂਗੀ ਲਾਲ, ਵਿਦਿਆ ਪਾਂਡੇ ਅਤੇ ਸਚਿਨ ਜੀ ਹਾਜ਼ਰ ਸਨ।

# ਧੰਨ ਧੰਨ ਬਾਬਾ ਦੀਵਾਨ ਸਿੰਘ ਜੀ ਦੀ ਬਰਸੀ ਤੇ ਲੱਗੇਗਾ ਖ਼ੂਨਦਾਨ ਕੈਂਪ

**ਦਾਨੀ , ਖ਼ੂਨਦਾਨ ਕਰਕੇ ਕਈ ਕੀਮਤੀ ਜਾਨਾਂ ਬਚਾਉਣ ਵਿੱਚ ਆਪਣਾ ਪਵਿੱਤਰ ਯੋਗਦਾਨ ਪਾਉਣ - ਲਖਵਿੰਦਰ ਸਿੰਘ ਨੰਨੜਾ**

**ਕਪੂਰਥਲਾ (ਕੌੜਾ)-** ਧੰਨ ਧੰਨ ਬਾਬਾ ਦੀਵਾਨ ਸਿੰਘ ਜੀ ਦੀ ਸਲਾਨਾ ਬਰਸੀ ਪ੍ਰਵਾਸੀ ਭਾਰਤੀਆਂ ਇਲਾਕੇ ਦੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 10 ਮਾਰਚ ਨੂੰ ਪਿੰਡ ਸੂਜੋ ਕਾਲੀਆ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ। ਗੁਰਦੁਆਰਾ ਸਾਹਿਬ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਸੁੰਦਰ ਦੀਵਾਨ ਸਜਾਏ ਜਾਣਗੇ । ਜਿਸ ਵਿੱਚ ਭਾਈ ਬਲਬੀਰ ਸਿੰਘ ਪਾਰਸ ਦੇ ਢਾਡੀ ਜਥੇ ਵੱਲੋਂ ਬਾਬਾ ਦੀਵਾਨ ਸਿੰਘ ਜੀ ਦੇ ਜੀਵਨ ਬਾਰੇ ਚਾਨਣਾ ਪਾ ਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ । ਦੁਪਹਿਰ



ਤੋਂ ਬਾਅਦ ਕਬੱਡੀ ਕੱਪ ਕਰਵਾਇਆ ਜਾਵੇਗਾ। ਜਿਸ ਵਿੱਚ ਕਲੱਬਾਂ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ । ਕਬੱਡੀ ਕੱਪ ਦਾ ਉਦਘਾਟਨ ਗੁਰਦੁਆਰਾ ਦਮਦਮਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਹਰਜੀਤ ਸਿੰਘ ਜੀ ਕਰਨਗੇ । ਬਾਬਾ ਬੀਰ ਸਿੰਘ ਬਲੱਡ ਡੋਨੇਟ ਸੇਵਾ ਸੋਸਾਇਟੀ ਕਪੂਰਥਲਾ ਵੱਲੋਂ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਲੱਡ ਡੋਨਰ ਸੋਸਇਟੀ ਦੇ ਸੰਸਥਾਪਕ ਲਖਵਿੰਦਰ ਸਿੰਘ ਨੰਨੜਾ ਬੂਲਪੁਰ ਨੇ ਦੱਸਿਆ ਕਿ ਬਲੱਡ ਡੋਨਰ ਕੈਂਪ ਵਿੱਚ ਸਿਵਲ ਹਸਪਤਾਲ ਕਪੂਰਥਲਾ ਦੀ ਟੀਮ ਪਹੁੰਚ ਰਹੀ ਹੈ। ਇਸ ਦੌਰਾਨ ਉਹਨਾਂ ਨੇ ਇਲ-ਾਕੇ ਦੇ ਖ਼ੂਨਦਾਨੀਆਂ ਨੂੰ ਅਪੀਲ ਕੀਤੀ ਕਿ, ਉਹ ਇਸ ਕੈਂਪ ਵਿੱਚ ਖ਼ੂਨ ਦਾਨ ਕਰਕੇ ਕਈ ਕੀਮਤੀ ਜਾਨਾਂ ਬਚਾਉਣ ਵਿੱਚ ਆਪਣਾ ਪਵਿੱਤਰ ਯੋਗਦਾਨ ਪਾ ਸਕਦੇ ਹਨ ।

# ਨਿਰਮਲ ਡੇਰਾ ਗੋਲੇਵਾਲਾ ਮਹੰਤਾਂ ਦੀ ਬਰਸੀ ਵਿਸ਼ਾਲ ਖ਼ੂਨਦਾਨ ਕੈਂਪ ਦੌਰਾਨ ਇੱਕਤਰ ਕੀਤੇ 113 ਬਲੱਡ ਯੂਨਿਟ

**ਫਰੀਦਕੋਟ (ਸਮਾਜ ਵੀਕਲੀ)** ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ (ਰਜਿ) ਫ਼ਰੀਦਕੋਟ ਵੱਲੋ ਹਰ ਸਾਲ ਦੀ ਤਰਾਂ ਨਿਰਮਲ ਡੇਰਾ ਬਾਬਾ ਸਰੂਪ ਸਿੰਘ 108 ਵੱਲੋ ਮਹੰਤ ਕੇਸਰ ਸਿੰਘ, ਮਹੰਤ ਸੇਰ ਸਿੰਘ ਤੇ ਮਹੰਤ ਕਸ਼ਮੀਰ ਸਿੰਘ ਜੀ ਬਰਸੀ ਤੇ ਵਿਸ਼ਾਲ ਖ਼ੂਨਦਾਨ ਮੁੱਖ ਸੇਵਾਦਾਰ ਬਾਬਾ ਹਰਪ੍ਰੀਤ ਸਿੰਘ ਗੋਲੇਵਾਲਾ ਅਤੇ ਨਗਰ ਪੰਚਾਇਤ ਦੇ ਸਹਿਯੋਗ ਨਾਲ ਲਗਾਇਆਂ ਗਿਆਂ। ਇਹ ਜਾਣਕਾਰੀ ਪ੍ਰੈਸ ਨਾਲ ਸੁਸਾਇਟੀ ਦੇ ਪ੍ਰੈਸ ਸਕੱਤਰ ਸ਼ਿਵਨਾਥ ਦਰਦੀ ਫ਼ਰੀਦਕੋਟ ਨੇ ਸਾਂਝੀ ਕੀਤੀ। ਇਸ ਸਮੇਂ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋ, ਸਾਬਕਾ ਚੇਅਰਮੈਨ ਨਵਦੀਪ ਸਿੰਘ ਬੱਬੂ ਬਰਾੜ, ਬਿੰਦਰ ਗੋਲੇਵਾਲਾ ਪੰਜਾਬ ਪ੍ਰਧਾਨ ਕੌਮੀ ਕਿਸਾਨ ਯੂਨੀਅਨ, ਗੁਰਮੀਤ ਗੋਲੇਵਾਲਾ ਪੰਜਾਬ ਪ੍ਰਧਾਨ ਕਾਦੀਆ, ਦਲੇਰ ਡੋਡ, ਡਾਂ ਬਲਜੀਤ ਸ਼ਰਮਾਂ, ਬਾਬਾ ਜਸਵੀਰ ਸਿੰਘ ਗ੍ਰੰਥੀ ਸਿੰਘ ਤੋ ਇਲਾਵਾ ਨਿੱਕਾ ਗੋਲੇਵਾਲਾ ਟੂਰਨਾਮੈਂਟ



ਕਮੇਟੀ ਦੇ ਮਹੰਤ ਕਸ਼ਮੀਰ ਸਿੰਘ ਜੀ ਗੋਲੇਵਾਲਾ, ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ ਦੇ ਪ੍ਰਧਾਨ ਰਾਜਵੀਰ ਸਿੰਘ ਗੋਲੇਵਾਲਾ, ਮੀਤ ਪ੍ਰਧਾਨ ਗੁਰਦੇਵ ਸਿੰਘ, ਸਕੱਤਰ ਸੁਖਵੀਰ ਸਿੰਘ ਰੱਤੀ ਰੋੜੀ, ਸਲਾਹਕਾਰ ਗੁਰਸੇਵਕ ਸਿੰਘ ਥਾੜਾ , ਸਤਨਾਮ ਸਿੰਘ ਖਜਾਨਚੀ,ਸਹਾਇਕ ਪ੍ਰੈਸ ਸਕੱਤਰ ਵਿਸ਼ਾਲ,, ਸਾਬਕਾ ਪ੍ਰਿੰਸੀਪਲ ਡਾਂ. ਪਰਮਿੰਦਰ ਸਿੰਘ ਸਰਕਾਰੀ ਬ੍ਰਜਿੰਦਰਾ ਕਾਲਜ, ਅਸੋਕ ਭਟਨਾਗਰ, ਡਾ ਦਲਜੀਤ ਸਿੰਘ ਡੱਲੇਵਾਲ,ਮਨੇਜਰ ਜੱਸੀ ਥਾੜਾ,ਅਮਨ ਨਵਾਂ ਕਿਲਾ,ਜਸਕਰਨ ਫਿੰਡੇ, ਗੁਰਪ੍ਰੀਤ ਸਿੰਘ, ਸਾਗਰ,ਬਿੱਲਾ,ਪਾਲਾ ਰੋਮਾਣਾ, ਗੁਰਪਾਲ ਸਿੰਘ ਭੰਡਾਰੀ,ਮਨਜੀਤ ਸਿੰਘ ਕਾਹਨ ਸਿੰਘ ਵਾਲਾ, , ਸੀਨੀਅਰ ਸਲਾਹਕਾਰ ਕਾਕਾ ਖ਼ਾਰਾਂ , ਡਾ ਭਲਿੰਦਰ ਸਿੰਘ , ਸਟੋਕ ਮਨੇਜਰ ਸਵਰਾਜ ਸਿੰਘ, ਅਰਸ਼ ਕੋਠੇ ਧਾਲੀਵਾਲ, ਸੁਖਚੈਨ ਕਾਬਲ ਵਾਲਾ,ਕਾਕਾ ਘੁਗਿਆਣਾ, ਕਾਲ਼ਾ ਡੋਡ, ਰਣਜੀਤ ਗੋਲੇਵਾਲਾ,ਪਾਲਜੀਤ ਗੋਲੇਵਾਲਾ, ਗੁਰਮੇਲ ਗੋਲੇਵਾਲਾ, ਜਰਮਨ ਗੋਲੇਵਾਲਾ, ਹਰਦੀਪ ਗੋਲੇਵਾਲਾ, ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫ਼ਰੀਦਕੋਟ ਤੇ ਸਿਵਲ ਹਸਪਤਾਲ ਫ਼ਰੀਦਕੋਟ ਦੀ ਬਲੱਡ ਬੈਂਕ ਦੀ ਟੀਮ ਨੇ ਹਾਜ਼ਰੀ ਲਵਾਈ।

# ਪੰਜਾਬ ਸਰਕਾਰ ਸਰਹੱਦੀ ਜਿਲਿਆਂ ਨੂੰ ਸਿੱਖਿਆ ਦੇ ਪੱਖੋਂ ਕਿਉਂ ਕਰ ਰਹੀ ਹੈ ਅਣਗੌਲਿਆ?

ਅਜੋਕੀ ਰਾਜਨੀਤਕ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਸਿੱਖਿਆ ਅਤੇ ਰੁਜ਼ਗਾਰ ਦੇ ਮੁੱਦੇ ਨੂੰ ਲੈ ਕੇ ਸੱਤਾ ਵਿੱਚ ਆਈ ਸੀ। ਸਿੱਖਿਆ ਦੇ ਖੇਤਰ ਵਿੱਚ ਕੁੱਝ ਕੁ ਕੰਮ ਸਰਕਾਰ ਨੇ ਵਧੀਆ ਵੀ ਕੀਤੇ, ਪਰ ਪੂਰੇ ਪੰਜਾਬ ਦੇ ਅੰਦਰ ਨਹੀਂ ਕੀਤੇ। ਇਸ ਦੇ ਕਈ ਉਦਾਹਰਨ ਦੇਖਣ ਨੂੰ ਮਿਲ ਜਾਣਗੇ। ਜਿਵੇਂ ਕਿ ਮੁੱਖ ਮੰਤਰੀ ਦੇ ਜ਼ਿਲ੍ਹੇ ਵਿੱਚ ਲਾਇਬ੍ਰੇਰੀਆਂ ਦਾ ਖੁੱਲਣਾ ਆਦਿ। ਇਸ ਤੋਂ ਇਲਾਵਾਂ ਹੋਰ ਜਿਲ੍ਹਿਆ ਦੇ ਅੰਦਰ ਵੀ ਲਾਇਬ੍ਰੇਰੀਆਂ ਦਾ ਨਿਰਮਾਣ ਸਰਕਾਰ ਵੱਲੋਂ ਕੀਤਾ ਗਿਆ ਹੈ। ਪਰ ਸਰਹੱਦੀ ਜਿਲ੍ਹੇ ਫਾਜਿਲਕਾ ਅਤੇ ਫਿਰੋਜਪੁਰ ਦੇ ਅੰਦਰ ਇੱਕ ਵੀ ਲਾਇਬ੍ਰੇਰੀ ਦਾ ਨਿਰਮਾਣ ਨਹੀਂ ਕੀਤਾ ਗਿਆ ਹੈ, ਜਿੱਥੇ ਜਾ ਕੇ ਪੜ੍ਹਨ ਵਾਲੇ ਵਿਦਿਆਰਥੀਆਂ ਪੜ੍ਹ ਕੇ ਆਪਣਾ ਭਵਿੱਖ ਬਣਾ ਸਕਣ। ਕੀ ਇਹਨਾਂ ਜਿਲ੍ਹਿਆਂ ਦੇ ਵਸਨੀਕ ਪੰਜਾਬ ਦੇ ਵੋਟਰ ਨਹੀਂ ਹਨ ਜਾਂ ਜਿਨ੍ਹਾਂ ਜਿਲ੍ਹਿਆਂ ਵਿੱਚ ਲਾਇਬ੍ਰੇਰੀਆਂ ਖੋਲ੍ਹੀਆਂ ਗਈਆਂ ਹਨ ਜਾਂ ਉਥੋਂ ਦੇ ਮੰਤਰੀਆਂ ਦੇ ਕਹਿਣ ਤੇ ਇਹ ਕੰਮ ਹੋਇਆ ਹੈ। ਇਹ ਤਾਂ ਸਾਫ ਹੀ ਪਤਾ ਚੱਲ ਰਿਹਾ ਹੈ ਕਿ ਸਰਹੱਦੀ ਜਿਲ੍ਹਿਆ ਨੂੰ ਬਿਲਕੁੱਲ ਹੀ ਅਣਗੌਲਿਆ



ਕੀਤਾ ਗਿਆ ਹੈ। ਇਹਨਾਂ ਸਰਹੱਦੀ ਜਿਲ੍ਹਿਆਂ ਦੇ ਵਿਦਿਆਰਥੀਆਂ ਤਾਂ ਪਹਿਲਾਂ ਹੀ ਸਿੱਖਿਆਂ ਦੇ ਪੱਖੋਂ ਕਾਫੀ ਪਿੱਛੇ ਹਨ ਅਤੇ ਉੱਪਰੋਂ ਇਸ ਤਰ੍ਹਾਂ ਇਹਨਾਂ ਨੂੰ ਅਣਗੌਲਿਆ ਕਰ ਕੇ ਸਰਕਾਰ ਕੀ ਪੇਸ਼ ਕਰਨਾ ਚਾਹੁੰਦੀ ਹੈ ਜਾਂ ਸਰਕਾਰ ਦੀ ਇਹ ਮਨਸ਼ਾ ਹੈ ਕਿ ਇਹ ਲੋਕ ਕਦੇ ਉੱਪਰ ਆ ਹੀ ਨਾ ਸਕਣ ਤਾਂ ਜੋ ਇਹਨਾਂ ਕੋਲ ਹਰ ਵਾਰ ਵੋਟਾਂ ਲੈਣ ਦਾ ਬਹਾਨਾ ਬਣਿਆ ਰਹੇ। ਕਿਉਂਕਿ ਸਰਕਾਰ ਨੂੰ ਵੀ ਪਤਾ ਹੈ ਕਿ ਅਗਰ ਇਹ ਲੋਕ ਪੜ੍ਹ ਲਿਖ ਕੇ ਕੁੱਝ ਬਣ ਗਏ ਤਾਂ ਫਿਰ ਇਹ ਲੋਕ ਹੀ ਸਾਨੂੰ ਸਵਾਲ ਕਰਨਗੇ। ਬੜ੍ਹੇ ਹੀ ਅਫਸੋਸ ਦੀ ਗੱਲ ਹੈ ਕਿ ਇਹਨਾਂ ਜਿਲ੍ਹਿਆਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਇਹਨਾਂ ਜਿਲ੍ਹਿਆਂ ਦੇ ਵਿੱਚੋਂ ਕਿਸੇ ਵੀ ਵਿਧਾਇਕ ਨੇ ਅਜੇ ਤੱਕ ਇਹ ਮੰਗ ਵਿਧਾਨ ਸਭਾ ਵਿੱਚ ਨਹੀਂ ਰੱਖੀ ਕਿ ਸਾਡੇ ਇਹਨਾਂ ਸਰਹੱਦੀ ਜਿਲ੍ਹਿਆਂ ਦੇ ਹਰ ਇੱਕ ਕਸਬੇ ਵਿੱਚ ਲਾਇਬ੍ਰੇਰੀਆਂ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਸਰਹੱਦੀ ਇਹਨਾਂ ਜਿਲ੍ਹਿਆਂ ਦੇ ਵਿਦਿਆਰਥੀ ਪੜ੍ਹ ਕੇ ਕੋਈ ਵੱਡੇ ਅਫਸਰ ਬਣ ਸਕਣ ਅਤੇ ਆਪਣੇ ਮਾਪਿਆਂ ਦਾ ਸਹਾਰਾ ਬਣ ਸਕਣ। ਕੀ ਇਹ ਵਿਧਾਇਕ ਸਿਰਫ ਆਪਣੀਆਂ ਸਿਆਸੀ ਰੋਟੀਆਂ ਸੇਕਣ ਤੱਕ ਹੀ ਸੀਮਤ ਹਨ, ਜੇ ਇਹਨਾਂ ਨੂੰ ਵਿਦਿਆਰਥੀਆਂ ਦੇ ਭਵਿੱਖ ਦੀ ਚਿੰਤਾਂ ਹੁੰਦੀ ਤਾਂ ਹੁਣ ਤੱਕ ਇਹਨਾਂ ਪੱਛੜੇ ਜਿਲ੍ਹਿਆਂ ਵਿੱਚ ਵੀ ਲਾਇਬ੍ਰੇਰੀਆਂ ਦਾ ਪ੍ਰਬੰਧ ਹੋਣਾ ਸੀ। ਸਰਕਾਰ ਵਾਅਦੇ ਤਾਂ ਬਹੁਤ ਵੱਡੇ ਵੱਡੇ ਕਰਦੀ ਹੈ, ਪਰ ਨਿਭਾਉਂਦੀ ਕਿੰਨੇ ਕੁ ਹੈ ਇਹ ਤਾਂ ਸਭ ਜ਼ਮੀਨੀ ਪੱਧਰ ਤੇ ਦਿਖ ਹੀ ਰਿਹਾ ਹੈ। ਹੁਣ ਵੇਖਣਾ ਇਹ ਹੋਵੇਗਾ ਕਿ ਸਰਕਾਰ ਦੇ ਕੰਨਾਂ ਤੱਕ ਕਦੋਂ ਆਵਾਜ਼ ਪਹੁੰਚਦੀ ਹੈ ਤਾਂ ਜੋ ਇਹਨਾਂ ਦੀ ਜ਼ਮੀਰ ਜਾਗ ਸਕੇ ਅਤੇ ਇਹਨਾਂ ਸਰਹੱਦੀ ਜਿਲ੍ਹਿਆਂ ਦੇ ਵਿਦਿਆਰਥੀਆਂ ਦਾ ਭਵਿੱਖ ਸੁਨਹਿਰਾਂ ਹੋ ਸਕੇ ਜਾਂ ਇਹ ਵਿਦਿਆਰਥੀ ਹਮੇਸ਼ਾਂ ਪੱਛੜੇ ਹੀ ਰਹਿਣਗੇ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾਂ।

**ਬਲਜੀਤ ਸਿੰਘ ਕਚੂਰਾ**
**ਮਮਦੋਟ, ਜਿਲ੍ਹਾ ਫਿਰੋਜਪੁਰ।**
**ਮੋ. ਨੰ. 9465405597**

# ਕਨੇਡਾ ਤੋਂ ਪੰਜਾਬ ਵਿੱਚ ਆ ਕੇ ਪਹਿਲੀ ਵਾਰ ਸਾਹਿਤਕ ਸਮਾਗਮ ਮੋਟਰ ਉੱਤੇ ਦੇਖਿਆ- ਮੋਹਨ ਗਿੱਲ ਕਨੇਡਾ

**ਲੁਧਿਆਣਾ/ਬਲਬੀਰ ਸਿੰਘ ਬੱਬੀ**

ਗੋਸਲ ਪ੍ਰਕਾਸ਼ਨ ਵੱਲੋਂ ਛਾਪੀ ਸ਼ਾਇਰ ਤਰਨਪ੍ਰੀਤ ਸਿੰਘ ਗੁਰਮ ਦੀ ਕਿਤਾਬ 'ਮਹਿਰਮ' ਪਿੰਡ ਉੱਚੀ ਦੌਦ ਵਿਖੇ ਖੇਤਾਂ ਦੇ ਪੁੱਤ ਸਾਹਿਤ ਸਭਾ ਮਲੌਦ ਵੱਲੋਂ ਜਸਵੀਰ ਸਿੰਘ ਚਹਿਲ ਦੀ ਮੋਟਰ ਉਪਰ ਕਰਵਾਏ ਸਮਾਗਮ ਦੌਰਾਨ ਰਿਲੀਜ਼ ਕੀਤੀ ਗਈ। ਇਹ ਪ੍ਰੋਗਰਾਮ ਆਪਣੇ ਆਪ ਵਿੱਚ ਨਿਵੇਕਲਾ ਸੀ ਕਿਉਂਕਿ ਸਾਹਿਤਕ ਪ੍ਰੋਗਰਾਮ ਖੇਤਾਂ ਦੇ ਵਿੱਚ ਮੋਟਰ ਉਪਰ ਕੀਤਾ ਗਿਆ।

ਇਸ ਸਾਹਿਤਕ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦੇ ਹੋਏ ਗੋਸਲ ਪ੍ਰਕਾਸ਼ਨ ਦੇ ਮੁੱਖੀ ਗੁਰਦੀਪ ਸਿੰਘ ਮੰਡਾਹਰ ਅਤੇ ਖੇਤਾਂ ਦੇ ਪੁੱਤ ਸਾਹਿਤ ਸਭਾ ਦੇ ਮੁਖੀ ਹਰਵਿੰਦਰ ਚਾਹਲ ਨੇ ਦੱਸਿਆ ਕਿ ਇਸ ਸਮਾਗਮ ਦਾ ਉਦਘਾਟਨ ਦੀਪਕ ਗੋਇਲ ਕੌਂਸਲਰ ਮਲੌਦ ਨੇ ਰਿਬਨ ਕੱਟ ਕੇ ਕੀਤਾ ਅਤੇ ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਪ੍ਰਸਿੱਧ ਕਹਾਣੀਕਾਰ ਜਤਿੰਦਰ ਹਾਂਸ ਅਤੇ ਪ੍ਰਵਾਸੀ ਲੇਖਕ ਮੋਹਨ ਗਿੱਲ ਡੇਹਲੋਂ ਪਹੁੰਚੇ । ਸਮਾਗਮ ਦੀ ਪ੍ਰਧਾਨਗੀ ਨੈਸ਼ਨਲ ਅਵਾਰਡ ਜੇਤੂ ਅ ਿਧ ਅ ਾ ਪ ਕ ਕਰਮਜੀਤ ਸਿੰਘ ਗਰੇਵਾਲ ਨੇ ਕੀਤੀ।

ਵਿਸ਼ੇਸ਼ ਮਹਿਮਾਨ ਵਜੋਂ ਪ੍ਰਸਿੱਧ ਲੇਖਕ ਪ੍ਰਭਜੋਤ ਸੋਹੀ, ਬਲਬੀਰ ਸਿੰਘ ਬੱਬੀ ਤੱਖਰਾਂ ਮੀਤ ਅਨਮੋਲ, ਧਰਮਿੰਦਰ





ਸ਼ਾਹਿਦ ਖੰਨਾ, ਵਿਜੇ ਕੁਮਾਰ ਲੁਧਿਆਣਾ ਹਾਊਸ ਆਫ਼ ਲਿਟਰੇਚਰ ਅਤੇ ਸੁਖਦੀਪ ਸਿੰਘ ਮਲੋਟ ਭਾਸ਼ਾ ਵਿਭਾਗ ਲੁਧਿਆਣਾ ਨੇ ਸ਼ਿਰਕਤ ਕੀਤੀ। ਸਟੇਜ ਦੀ ਕਾਰਵਾਈ ਗੁਰਦੀਪ ਸਿੰਘ. ਮੰਡਾਹਰ ਨੇ ਚਲਾਈ। ਇਹਨਾਂ ਤੋਂ ਇਲਾਵਾ ਜਗਦੇਵ ਸਿੰਘ ਘੁੰਗਰਾਲੀ, ਹਰਬੰਸ ਸਿੰਘ ਸ਼ਾਨ ਬਗਲੀ, ਗੁਰੀ ਤੁਰਮਰੀ, ਹਰਪ੍ਰੀਤ ਸਿੰਘ ਸਿਹੋੜਾ, ਦਵਿੰਦਰ ਧੌਲਮਾਜਰਾ, ਸਿਕੰਦਰ ਰੁੜਕਾ, ਕੁੱਕੂ ਘਲੋਟੀ, ਜਸਵੀਰ ਚਹਿਲ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਕਿਤਾਬ ਵਾਰੇ ਪਰਚਾ ਪ੍ਰਸਿੱਧ ਲੇਖਕ ਤੇ ਗੀਤਕਾਰ ਜਿੰਮੀ ਅਹਿਮਦਗੜ੍ਹ ਨੇ ਪੜ੍ਹਿਆ। ਇਸ ਮੌਕੇ ਸਾਹਿਤ ਸਭਾ ਦੇ ਸਰਪ੍ਰਸਤ ਮਾ ਗੁਰਦੇਵ ਸਿੰਘ ਪੰਧੇਰ, ਚੇਅਰਮੈਨ ਪ੍ਰਿੰਸੀਪਲ ਬਲਵੰਤ ਸਿੰਘ ਉਕਸੀ, ਪ੍ਰਧਾਨ ਹਰਵਿੰਦਰ ਚਹਿਲ ਜਸਵੀਰ ਸਿੰਘ ਚਹਿਲ, ਦੁਨੀਆਦਾਰ ਸਿੰਘ, ਤਰਨਪ੍ਰੀਤ ਸਿੰਘ ਕੂਹਲੀ, ਰਮਨਦੀਪ ਸਿੰਘ ਕਨੇਚ, ਲਵਪ੍ਰੀਤ ਸਿੰਘ, ਰਾਜਦੀਪ ਸਿੰਘ ਗੁਰਦਿੱਤਪੁਰਾ ਆਦਿ ਹਾਜ਼ਰ ਸਨ।

ਅੰਤ ਵਿਚ ਗੁਰਦੀਪ ਸਿੰਘ ਮੰਡਾਹਰ ਅਤੇ ਤਰਨਪ੍ਰੀਤ ਸਿੰਘ ਗੁਰਮ ਨੇ ਆਏ ਸਾਿ-ਹਤਕਾਰ ਸਾਥੀਆਂ ਨੂੰ ਸਨਮਾਨਿਤ ਕੀਤਾ ਤੇ ਉਹਨਾਂ ਦਾ ਧੰਨਵਾਦ ਕੀਤਾ।

# ਰੋਟਰੀ ਕਲੱਬ ਆਫ ਹੁਸ਼ਿਆਰਪੁਰ ਵੱਲੋਂ ਟੀ.ਬੀ ਹਸਪਤਾਲ ਦੇ ਮਰੀਜ਼ਾਂ ਨੂੰ ਪੌਸ਼ਟਿਕ ਆਹਾਰ ਵੰਡਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ ਪ੍ਰਧਾਨ ਮੰਤਰੀ ਟੀ.ਬੀ ਮੁਕਤ ਅਭਿਆਨ ਦੇ ਤਹਿਤ ਫਗਵਾੜਾ ਰੋਡ 'ਤੇ ਸਥਿਤ ਸਰਕਾਰੀ ਟੀ.ਬੀ ਹਸਪਤਾਲ ਵਿਖੇ ਰੋਟਰੀ ਕਲੱਬ ਆਫ ਹੁਸ਼ਿਆਰਪੁਰ ਵੱਲੋਂ ਸਨੇਹ ਜੈਨ ਦੀ ਅਗਵਾਈ ਵਿੱਚ ਲਗਾਤਾਰ 11ਵੀਂ ਵਾਰ ਟੀ.ਬੀ ਦਾ ਇਲਾਜ ਕਰਵਾ ਰਹੇ ਮਰੀਜ਼ਾਂ ਨੂੰ ਪੌਸ਼ਟਿਕ ਆਹਾਰ ਮੁਹੱਈਆ ਕਰਵਾਇਆ ਗਿਆ। ਇਸ ਮੌਕੇ ਪ੍ਰਧਾਨ ਸਨੇਹ ਜੈਨ ਨੇ ਮਰੀਜ਼ਾਂ ਨੂੰ ਅਪੀਲ ਕੀਤੀ ਕਿ ਉਹ ਸਿਹਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਕੇ ਜਲਦੀ ਤੋਂ ਜਲਦੀ ਤੰਦਰੁਸਤ



ਹੋ ਸਕਦੇ ਹਨ ਅਤੇ ਹਰ ਹਾਲਤ ਵਿੱਚ ਦਵਾਈਆਂ ਲੈਂਦੇ ਰਹਿਣ। ਇਸ ਮੌਕੇ ਰੋਟੇਰਿਅਨ ਰਜਿੰਦਰ ਮੌਦਗਿਲ, ਰਵੀ ਜੈਨ, ਯੋਗੇਸ਼ ਚੰਦਰ, ਪ੍ਰੋਜੈਕਟ ਚੇਅਰਮੈਨ ਸੰਜੀਵ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਦੌਰਾਨ ਟੀ.ਬੀ. ਅਧਿਕਾਰੀ ਸ਼ਕਤੀ ਸ਼ਰਮਾ ਨੇ ਕਲੱਬ ਵੱਲੋਂ ਚਲਾਏ ਜਾ ਰਹੇ ਇਸ ਪ੍ਰੋਜੈਕਟ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਸੰਸਥਾਵਾਂ ਸਮਾਜ ਦੀ ਸੱਚੀ ਸੇਵਾ ਕਰ ਰਹੀਆਂ ਹਨ, ਜੋ ਦੂਜਿਆਂ ਲਈ ਪ੍ਰੇਰਣਾ ਸਰੋਤ ਹਨ ਅਤੇ ਰੋਟਰੀ ਕਲੱਬ ਦੇ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਕੁਲਦੀਪ ਸਿੰਘ, ਰੇਨੂੰ ਬਾਲਾ, ਲੋੜਵੰਦ ਮਰੀਜ਼ ਆਦਿ ਹਾਜ਼ਰ ਸਨ।

# ਹੁਸ਼ਿਆਰਪੁਰ ਨੇਚਰ ਫੈਸਟ-2025 ਦੇ ਚੌਥੇ ਦਿਨ ਕੂਕਾਨੇਟ ਤੇ ਦੇਹਰੀਆਂ ਲਈ ਆਫ-ਰੋਡਿੰਗ ਟੀਮ ਨੂੰ ਕੀਤਾ ਰਵਾਨਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਹੁਸ਼ਿਆਰਪੁਰ ਜ਼ਿਲ੍ਹੇ ਨੂੰ ਸੈਰ ਸਪਾਟੇ ਦੇ ਨਵੇਂ ਆਯਾਮ ਦੇਣ ਦੇ ਉਦੇਸ਼ ਨਾਲ ਕਰਵਾਏ ਗਏ ਹੁਸ਼ਿਆਰਪੁਰ ਨੇਚਰ ਫੈਸਟ-2025 ਦਾ ਦਿਨ ਵਿਸ਼ੇਸ਼ ਰੋਮਾਂਚਕ ਰਿਹਾ। ਅੱਜ ਵਣ ਪਾਲ ਨਾਰਥ ਸਰਕਲ ਡਾ. ਸੰਜੀਵ ਤਿਵਾੜੀ ਨੇ ਲਾਜਵੰਤੀ ਸਪੋਰਟਸ ਸਟੇਡੀਅਮ ਤੋਂ ਕੂਕਾਨੇਟ ਅਤੇ ਦੇਹਰੀਆਂ ਲਈ ਆਫ-ਰੋਡਿੰਗ ਟੀਮ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਦੌਰਾਨ ਉਨ੍ਹਾਂ ਨਾਲ ਐਸ.ਡੀ.ਐਮ. ਟਾਂਡਾ ਪੰਕਜ ਕੁਮਾਰ ਵੀ ਮੌਜੂਦ ਸਨ। ਇਸ ਦੌਰਾਨ ਜਿਥੇ ਸੈਲਾਨੀਆਂ ਅਤੇ ਸਾਹਸੀ ਪ੍ਰੇਮੀਆਂ ਨੇ ਦੇਹਰੀਆਂ ਵਿਖੇ ਟ੍ਰੈਕਿੰਗ ਦਾ ਅਦਭੁਤ ਅਨੁਭਵ ਪ੍ਰਾਪਤ ਕੀਤਾ ਉਥੇ ਥਾਣਾ ਡੈਮ ਦੇ ਮਨਮੋਹਕ ਨਜ਼ਾਰਿਆਂ ਦਾ ਵੀ ਆਨੰਦ ਲਿਆ। ਪ੍ਰੋਗਰਾਮ ਵਿਚ ਸ਼ਾਮਲ ਸਾਹਸਿਕ ਖੇਡ ਪ੍ਰੇਮੀਆਂ ਨੇ ਆਫ-ਰੋਡਿੰਗ ਟਰੇਲਾਂ ਦਾ ਆਨੰਦ ਲੈਂਦੇ ਹੋਏ ਕੁਦਰਤੀ ਸੁੰਦਰਤਾ ਨੂੰ ਦੇਖਿਆ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਹੁਸ਼ਿਆਰਪੁਰ ਵਿਚ ਸੈਰ ਸਪਾਟੇ ਦੀਆਂ ਅਸੀਮ ਸੰਭਾਵਨਾਵਾਂ ਹਨ। ਇਥੇ ਕੁਦਰਤੀ ਸਾਧਨ, ਵਿਸ਼ਾਲ ਜੰਗਲੀ ਖੇਤਰ ਅਤੇ ਇਤਿਹ-ਾਸਕ ਵਿਰਾਸਤ ਇਸ ਨੂੰ ਇਕ ਪ੍ਰਮੁੱਖ ਸੈਲਾਨੀ ਕੇਂਦਰ ਬਣਾ ਸਕਦੇ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਵਣ ਵਿਭਾਗ ਮਿਲ ਕੇ ਇਸ ਨੂੰ ਵਿਸ਼ਵ ਪੱਧਰੀ ਸੈਰ ਸਪਾਟੇ ਸਥਾਨ ਵਜੋਂ ਵਿਕਸਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਹਰ ਸੰਭਵ ਯਤਨ ਕਰੇਗਾ ਕਿ ਹੁਸ਼ਿਆਰਪੁਰ ਨੂੰ ਸੈਰ ਸਪਾਟੇ ਦੇ ਖੇਤਰ ਵਿਚ ਮੋਹਰੀ ਜ਼ਿਲ੍ਹਾ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਨੇਚਰ ਫੈਸਟ ਦਾ ਮੁੱਖ ਉਦੇਸ਼ ਵੀ ਇਹੀ ਹੈ ਕਿ ਇਸ ਹਲਕੇ ਦੀ ਸੁੰਦਰਤਾ ਨੂੰ ਵਿਸ਼ਵ ਪੱਧਰੀ ਪਹਿਚਾਣ ਦਿਵਾਈ ਜਾਵੇ ਅਤੇ ਇਸ ਨੂੰ ਸੈਰ ਸਪਾਟੇ ਦੇ ਨਕਸ਼ੇ ’ਤੇ ਇਕ ਅਹਿਮ ਸਥਾਨ ਦਿੱਤਾ ਜਾਵੇ।

ਵਣ ਪਾਲ ਨਾਰਥ ਸਰਕਲ ਡਾ. ਸੰਜੀਵ ਤਿਵਾੜੀ ਨੇ



ਦੱਸਿਆ ਕਿ ਹੁਸ਼ਿਆਰਪੁਰ ਵਿਚ ਪੰਜਾਬ ਦਾ ਸਭ ਤੋਂ ਵੱਡਾ ਜੰਗਲਾਤ ਏਰੀਆ ਮੌਜੂਦ ਹੈ ਜੋ ਇਸ ਨੂੰ ਨੇਚਰ ਟੂਰਿਜ਼ਮ ਲਈ ਇਕ ਆਦਰਸ਼ ਸਥਾਨ ਬਣਾਉਂਦਾ ਹੈ। ਉਨ੍ਹਾਂ ਕਿਹਾ ਕਿ ਸਥਾਨਕ ਸੈਲਾਨੀਆਂ ਨੂੰ ਬੜ੍ਹਾਵਾ ਦੇਣ ਨਾਲ ਪੇਂਡੂ ਹਲਕਿਆਂ ਦੀ ਆਮਦਨ ਵਿਚ ਵਾਧਾ ਹੋਵੇਗਾ ਅਤੇ ਉਨ੍ਹਾਂ ਦੇ ਜੀਵਨ ਪੱਧਰ ਵਿਚ ਸੁਧਾਰ ਆਵੇਗਾ। ਉਨ੍ਹਾਂ ਦੱਸਿਆ ਕਿ ਕੂਕਾਨੇਟ, ਦੇਹਰੀਆਂ, ਥਾਣਾ ਡੈਮ ਵਰਗੇ ਸੈਰ ਸਪਾਟਾ ਥਾਵਾਂ ਦੇ ਯੋਜਨਾਬੱਧ ਵਿਕਾਸ ਨਾਲ ਸਥਾਨਕ ਨੌਜਵਾਨਾਂ ਨੂੰ ਵੱਡੇ ਪੱਧਰ ’ਤੇ ਰੋਜ਼ਗਾਰ ਦੇ ਮੌਕੇ ਮਿਲਣਗੇ।ਉਨ੍ਹਾਂ ਕਿਹਾ ਕਿ ਸੈਰ ਸਪਾਟੇ ਨੂੰ ਬੜ੍ਹਾਵਾ ਦੇਣ ਲਈ ਵੱਖ-ਵੱਖ ਯੋਜਨਾਵਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਇਸ ਵਿਚ ਸੈਰ ਸਪਾਟੇ ਲਈ ਆਧੁਨਿਕ ਸੁਵਿਧਾਵਾਂ, ਅਡਵੈਂਚਰ ਟੂਰਿਜ਼ਮ ਦੇ ਨਵੇਂ ਵਿਕਲਪ ਅਤੇ ਸਥਾਈ ਸੈਰ ਸਪਾਟਾ ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨ ਦੀਆਂ ਯੋਜਨਾਵਾਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਸੈਰ ਸਪਾਟਾ ਉਦਯੋਗ ਨੂੰ ਸਥਾਨਕ ਲੋਕਾਂ ਦੇ ਆਰਥਿਕ ਵਿਕਾਸ ਨਾਲ ਜੋੜਨ ਲਈ ਯਤਨਸ਼ੀਲ ਹੈ। ਇਸ ਨਾਲ ਹੋਟਲ, ਗਾਈਡ, ਅਡਵੈਂਚਰ ਸਪੋਰਟਸ, ਸਥਾਨਕ ਹਸਤਸ਼ਿਲਪ ਅਤੇ ਖੇਤੀ ਆਧਾਰਤ ਸੈਰ ਸਪਾਟੇ ਗਤੀਵਿਧੀਆਂ ਨੂੰ ਵੀ ਬੜ੍ਹਾਵਾ ਮਿਲੇਗਾ। ਉਨ੍ਹਾਂ ਸਥਾਨਕ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੈਰ ਸਪਾਟੇ ਗਤੀਵਿਧੀਆਂ ਵਿਚ ਹਿੱਸਾ ਲੈਣ ਅਤੇ ਆਪਣੇ ਹਲਕੇ ਨੂੰ ਸੈਰ ਸਪਾਟਾ ਕੇਂਦਰ ਵਜੋਂ ਵਿਕਸਤ ਕਰਨ ਵਿਚ ਸਹਿਯੋਗ ਕਰਨ।

# ਐੱਨ.ਐੱਲ,ਓ. ਨੇ ਵਿਧਾਇਕ ਡਾ ਸੁੱਖਵਿੰਦਰ ਕੁਮਾਰ ਸੁੱਖੀ ਨੂੰ ਮੰਗ ਪੱਤਰ ਸੌਂਪਿਆ

**● ਮਾਮਲਾ ਉਸਾਰੀ ਮਜ਼ਦੂਰਾਂ ਦੀ 3 ਹਫ਼ਤਿਆਂ ਤੋਂ ਬੰਦ ਪਈ ਬੈਵਸਾਈਟ ਦਾ ● ਡਾ ਸੁੱਖੀ ਨੇ ਉਸਾਰੀ ਮਜ਼ਦੂਰਾਂ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਵਾਉਣ ਲਈ ਯੋਗ ਉਪਰਾਲਾ ਕਰਨ ਦਾ ਭਰੋਸਾ ਦਿੱਤਾ**

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)** ਨੈਸ਼ਨਲ ਲੇਬਰ ਆਰਗਨਾਈਜੇਸ਼ਨ (ਐੱਨ ਐੱਲ ਓ) ਦੇ ਇਕ ਵਫ਼ਦ ਵੱਲੋਂ ਕਨਵੀਨਰ ਬਲਦੇਵ ਭਾਰਤੀ ਸਟੇਟ ਅਵਾਰਡੀ ਦੀ ਅਗਵਾਈ ਵਿੱਚ ਵਿਧਾਨ ਸਭਾ ਹਲਕਾ ਬੰਗਾ ਦੇ ਵਿਧਾਇਕ ਅਤੇ ਚੇਅਰਮੈਨ ਪੰਜਾਬ ਸਟੇਟ ਕੰਟੇਨਰ ਐਂਡ ਵੇਅਰਹਾਊਸਿੰਗ ਕਾਰਪੋਰੇਸ਼ਨ ਪੰਜਾਬ ਡਾ ਸੁੱਖਵਿੰਦਰ ਕੁਮਾਰ ਸੁੱਖੀ ਨੂੰ ਪੰਜਾਬ ਬਿਲਡਿੰਗ ਐਂਡ ਅੰਦਰ ਕੰਸਟ੍ਰੱਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਦੀ ਪਿਛਲੇ ਕਰੀਬ 3 ਹਫ਼ਤਿਆਂ ਤੋਂ ਬਿਲਕੁਲ ਬੰਦ ਪਈ ਬੈਵਸਾਈਟ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਮੰਗ ਪੱਤਰ ਸੌਂਪਿਆ ਗਿਆ। ਬਲਦੇਵ ਭਾਰਤੀ ਨੇ ਦੱਸਿਆ ਕਿ ਉਸਾਰੀ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਅਤੇ ਭਲਾਈ ਸਕੀਮਾਂ ਦੀ ਬੈਵਸਾਈਟ ਪਿਛਲੇ 3 ਹਫ਼ਤਿਆਂ ਤੋਂ ਬਿਲਕੁਲ ਬੰਦ ਰਹਿਣ ਕਾਰਨ ਪੰਜਾਬ ਭਰ ਦੇ ਉਸਾਰੀ ਮਜ਼ਦੂਰ ਲਾਭਪਾਤਰੀਆਂ ਵਿੱਚ ਵੱਡੀ ਪੱਧਰ ਤੇ ਨਿਰਾਸ਼ਾ ਅਤੇ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬੋਰਡ ਦੇ ਆਨਲਾਈਨ ਪੋਰਟਲ ਵਿੱਚ ਪਹਿਲਾਂ ਵੀ ਬਹੁਤ ਕਮੀਆਂ ਸਨ ਅਤੇ ਇਸਦਾ ਸਰਵਰ ਜ਼ਿਆਦਾ ਸਮਾਂ ਡਾਊਨ ਹੀ ਰਹਿੰਦਾ ਸੀ। ਪਰ ਹੁਣ ਵੈਬਸਾਈਟ ਬਿਲਕੁਲ ਬੰਦ ਹੋਣ ਕਾਰਨ ਉਸਾਰੀ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਅਤੇ ਭਲਾਈ ਸਕੀਮਾਂ ਅਪਲਾਈ ਕਰਨ ਦਾ ਕੰਮ ਬਿਲਕੁਲ ਠੱਪ ਹੋ ਗਿਆ ਹੈ। ਦੂਸਰੇ ਪਾਸੇ ਪੰਜਾਬ ਸਰਕਾਰ ਵੱਲੋਂ ਲਾਂਚ ਕੀਤਾ ਗਿਆ 'ਪੰਜਾਬ ਕਿਰਤੀ ਸਹਾਇਕ' ਐਪ ਵੀ ਭਰੋਸੇ ਯੋਗ ਨਹੀਂ ਹੈ। ਇਸ ਐਪ ਨੇ ਮਜ਼ਦੂਰਾਂ ਨੂੰ ਰਾਹਤ ਦੇਣ



ਦੀ ਬਜਾਏ ਉਲਝਣਾਂ ਵਿੱਚ ਪਾਇਆ ਹੋਇਆ ਹੈ। ਉਸਾਰੀ ਮਜ਼ਦੂਰ ਦਿਹਾੜੀਆਂ ਤੋੜ ਕੇ ਸੁਵਿਧਾ ਕੇਂਦਰਾਂ ਵਿੱਚ ਗੇੜੇ ਮਾਰ ਮਾਰ ਕੇ ਹੰਭ ਗਏ ਹਨ ਅਤੇ ਮਾਨਸਿਕ ਪ੍ਰੇਸ਼ਾਨੀ ਵਿੱਚ ਹਨ। ਬਲਦੇਵ ਭਾਰਤੀ ਨੇ ਇਹ ਵੀ ਦੱਸਿਆ ਕਿ ਵੈਬਸਾਈਟ ਬੰਦ ਹੋਣ ਦੇ ਹਾਲਾਤਾਂ ਵਿੱਚ ਸਮਾਂ ਬੱਧ ਸ਼ਰਤ ਕਾਰਨ ਬਹੁਤ ਸਾਰੇ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ, ਨਵਿਆਉਣ (ਰਿਨਿਊਲ) ਅਤੇ ਭਲਾਈ ਸਕੀਮਾਂ ਦੀਆਂ ਅਰਜ਼ੀਆਂ ਅਪਲਾਈ ਨਾ ਹੋਣ ਕਾਰਨ ਉਨ੍ਹਾਂ ਦਾ ਆਰਥਿਕ ਤੌਰ ਤੇ ਬਹੁਤ ਨੁਕਸਾਨ ਹੋ ਰਿਹਾ ਹੈ। ਬੋਰਡ ਦੀ ਵੈੱਬਸਾਈਟ ਬੰਦ ਹੋਣ ਕਾਰਨ ਭਲਾਈ ਸਕੀਮਾਂ ਦੀਆਂ ਅਰਜ਼ੀਆਂ ਲਈ ਵਿੱਤੀ ਸਹਾਇਤਾ ਪ੍ਰਵਾਨ ਕਰਨ ਵਾਲੀਆਂ ਸਬ ਡਵੀਜ਼ਨਲ ਪੱਧਰੀ ਸਕ੍ਰੀਨਿੰਗ ਕਮੇਟੀਆਂ ਦੀਆਂ ਕਈ ਤੈਅ ਕੀਤੀਆਂ ਮੀਟਿੰਗਾਂ ਵੀ ਨਹੀਂ ਹੋ ਸਕੀਆਂ। ਇਸ ਤੋਂ ਇਲਾਵਾ ਭਲਾਈ ਸਕੀਮਾਂ ਦੀ ਪ੍ਰਵਾਨ ਹੋਈ ਵਿੱਤੀ ਸਹਾਇਤਾ ਵੀ ਰੁਕ ਗਈ ਹੈ।

ਐੱਨ ਐੱਲ ਓ ਵਲੋਂ ਇਸ ਮੰਗ ਪੱਤਰ ਰਾਹੀਂ ਮੁੱਖ ਮੰਤਰੀ-ਕਮ-ਚੇਅਰਮੈਨ ਪੰਜਾਬ ਬਿਲਡਿੰਗ ਐਂਡ ਅੰਦਰ ਕੰਸਟ੍ਰੱਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਪੰਜਾਬ ਭਗਵੰਤ ਸਿੰਘ ਮਾਨ ਪਾਸੋਂ ਪੁਰਜ਼ੋਰ ਮੰਗ ਕੀਤੀ ਗਈ ਹੈ ਕਿ ਉਸਾਰੀ ਕਿਰਤੀਆਂ ਦੀ ਸਮਾਜਿਕ ਸੁਰੱਖਿਆ ਅਤੇ ਉੱਜਵਲ ਭਵਿੱਖ ਲਈ ਬੋਰਡ ਦੀ ਵੈੱਬਸਾਈਟ ਅਤੇ ਪੰਜਾਬ ਕਿਰਤੀ ਸਹਾਇਕ ਐਪ ਨੂੰ ਸੁਚੱਜੇ ਢੰਗ ਨਾਲ ਤੁਰੰਤ ਚਲਾਇਆ ਜਾਵੇ। ਇਸ ਦੇ ਨਾਲ ਵੈੱਬਸਾਈਟ ਬੰਦ ਹੋਣ ਦੇ ਸਮੇਂ ਲਈ ਲੋੜੀਂਦੇ ਕੇਸਾਂ ਵਿੱਚ ਢੁੱਕਵੇਂ ਗ੍ਰੇਸ ਪੀਰੀਅਡ ਦੀ ਵਿਵਸਥਾ ਵੀ ਕੀਤੀ ਜਾਵੇ।

ਇਸ ਮੰਗ ਪੱਤਰ ਰਾਹੀਂ ਇਹ ਵੀ ਮੰਗ ਕੀਤੀ ਗਈ ਹੈ ਕਿ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਵੱਲੋਂ 30 ਮਈ 2023 ਦੀ ਹੋਈ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਨੂੰ ਲਾਗੂ ਕੀਤਾ ਜਾਵੇ ਅਤੇ ਲਾਭਪਾਤਰੀ ਕਾਰਡ ਦੇ ਰਿਨਿਊ ਗ੍ਰੇਸ ਪੀਰੀਅਡ ਦੌਰਾਨ ਲਾਭਪਾਤਰੀ ਦੀ ਮੌਤ ਹੋਣ ਤੇ ਐਕਸਗ੍ਰੇਸ਼ੀਆ ਗ੍ਰਾਂਟ ਦੀ ਵਿੱਤੀ ਸਹਾਇਤਾ ਲਈ ਪ੍ਰਿੰਸੀਪਲ ਸਕੱਤਰ ਲੇਬਰ ਪੰਜਾਬ ਸਰਕਾਰ ਤੋਂ ਮਨਜ਼ੂਰੀ ਲੈਣ ਦੀ ਲਾਈ ਸ਼ਰਤ ਨੂੰ ਵੀ ਤੁਰੰਤ ਵਾਪਸ ਲਿਆ ਜਾਵੇ। ਇਸ ਮੌਕੇ ਤੇ ਡਾ ਸੁੱਖਵਿੰਦਰ ਕੁਮਾਰ ਸੁੱਖੀ ਨੇ ਕਿਹਾ ਭਰੋਸਾ ਦਿਵਾਇਆ ਕਿ ਉਸਾਰੀ ਮਜ਼ਦੂਰਾਂ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਵਾਉਣ ਲਈ ਯੋਗ ਉਪਰਾਲਾ ਕੀਤਾ ਜਾਵੇਗਾ।

# ਮੁਫਤ ਮੈਡੀਕਲ ਕੈਂਪ 26,27,28 ਨੂੰ

**ਬੰਗਾ (ਚਰਨਜੀਤ ਸੱਲ੍ਹਾ):-** ਸ਼੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਨੇੜੇ ਰਾਧਾ ਸੁਆਮੀ ਸਤਿਸੰਗ ਘਰ ਨਵਾਂਸ਼ਹਿਰ ਰੋਡ ਥਾਂਦੀਆਂ ਬੰਗਾ ਵਿਖੇ ਮੁਫ਼ਤ ਮੈਡੀਕਲ ਕੈਂਪ ਮਿਤੀ 26,27,28 ਫਰਵਰੀ 2025 ਨੂੰ ਲਗਾਇਆ ਜਾ ਰਿਹਾ ਹੈ। ਇਸ ਕੈਂਪ ਦਾ ਉਦਘਾਟਨ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ ਆਪਣੇ ਕਰ ਕਮਲਾ ਨਾਲ ਕਰਨਗੇ। ਮੁਫ਼ਤ ਮੈਡੀਕਲ ਕੈਂਪ ਦੀ ਜਾਣਕਾਰੀ ਦਿੰਦੇ ਹੋਏ ਕਮੇਟੀ ਦੇ ਮੁੱਖ ਪ੍ਰਬੰਧਕ ਲਲਿਤ ਮਹਾਜਨ, ਡਾ ਬਲਵੀਰ ਸਿੰਘ ਬੱਲ ਅਤੇ ਪ੍ਰਵੀਨ ਬੰਗਾ ਜਨਨਲ ਸਕੱਤਰ ਬਸਪਾ ਪੰਜਾਬ ਨੇ ਅੱਜ ਸਾਂਝੇ ਤੌਰ ਤੇ ਦੱਸਿਆ ਕਿ ਇਸ ਮੁਫ਼ਤ ਮੈਡੀਕਲ ਕੈਂਪ ਵਿੱਚ ਦਿਲ ਅਤੇ ਛਾਤੀ ਦੇ ਰੋਗਾਂ ਦਾ ਮਾਹਰ ਡਾ ਸਾਗਰਿਕਾ ਪਰਮਾਰ ਐਮਬੀਬੀਐਸ,ਐਮਡੀ ਮਰੀਜ਼ਾਂ ਦਾ ਚੈੱਕਅਪ ਕਰਨਗੇ ਅਤੇ ਮੁਫਤ ਦਵਾਈਆਂ ਦਿੱਤੀਆਂ ਜਾਣਗੀਆਂ। ਹੱਡੀਆਂ ਦੀਆਂ ਬਿਮਾਰੀਆਂ ਦੇ ਮਾਹਿਰ ਡਾ ਵਿਸ਼ਾਲਪ੍ਰੀਤ ਸਿੰਘ ਹੱਡੀਆਂ ਅਤੇ ਜੋੜਾਂ ਦੇ ਰੋਗਾਂ ਦਾ ਚੈੱਕਅਪ ਕਰਨਗੇ ਅਤੇ ਫਰੀ ਦਵਾਈਆਂ ਦਿੱਤੀਆਂ ਜਾਣਗੀਆਂ ਅਤੇ ਬੋਨ ਮੈਰੋ



ਡਿਨਸਟੀ ਟੈਸਟ ਫਰੀ ਕੀਤਾ ਜਾਵੇਗਾ ਜਿਸ ਦੀ ਬਜਾਰ ਵਿੱਚ ਕੀਮਤ 1500 ਰੁਪਏ ਹੈ। ਉਨ੍ਹਾਂ ਦੱਸਿਆ ਕਿ ਦੰਦਾਂ ਦੀਆਂ ਬਿਮਾਰੀਆਂ ਦੇ ਮਾਹਿਰ ਡਾ ਹਰਜੋਤ ਰੰਧਾਵਾ ਐਮਡੀਐਸ ਦੰਦਾਂ ਦੀਆਂ ਬਿਮਾਰੀਆਂ ਦਾ ਚੈੱਕਅਪ ਕਰਨਗੇ ਅਤੇ ਖਰਾਬ ਹੋਏ ਦੰਦ ਮੁਫ਼ਤ ਕੱਢੇ ਜਾਣਗੇ ਅਤੇ ਨਵੇਂ ਦੰਦ ਲਗਾਉਣ ਤੇ 50% ਡਿਸਕਾਊਂਟ ਕੀਤਾ ਜਾਵੇਗਾ। ਇਸ ਪ੍ਰਕਾਰ ਅੱਖਾਂ ਦੀਆਂ ਬਿਮਾਰੀਆਂ ਦੇ ਮਾਹਰ ਡਾ ਮੁਕੇਸ਼ ਵਲੋਂ ਅੱਖਾਂ ਦਾ ਚੈੱਕ ਕੀਤਾ ਜਾਵੇਗਾ ਤੇ ਹਰ ਤਰ੍ਹਾਂ ਦਾ ਆਪਰੇਸ਼ਨ 4000 ਵਿੱਚ ਕੀਤੇ ਜਾਣਗੇ। ਇਸ ਕੈਂਪ ਵਿੱਚ ਔਰਤਾਂ ਦੀਆਂ ਬਿਮਾਰੀਆਂ ਦੇ ਮਾਹਿਰ ਡਾ ਜਸਲੀਨ ਕੌਰ ਵਲੋਂ ਔਰਤਾਂ ਦੀਆਂ ਬਿਮਾਰੀਆਂ ਦਾ ਚੈੱਕਅਪ ਕੀਤਾ ਜਾਵੇਗਾ ਤੇ ਦਵਾਈਆਂ ਵੀ ਮੁਫਤ ਦਿੱਤੀਆਂ ਜਾਣਗੀਆਂ। ਇਸ ਪ੍ਰਕਾਰ ਚਮੜੀ ਦੇ ਰੋਗਾਂ ਦੇ ਡਾ ਨਾਮਦੇਵ ਚਮੜੀ ਨਾਲ ਸੰਬੰਧਿਤ ਰੋਗਾਂ ਦਾ ਮੁਫਤ ਚੈੱਕਅਪ ਕਰਨਗੇ। ਉਨ੍ਹਾਂ ਦੱਸਿਆ ਕਿ ਲੈਬੋਟਰੀ ਟੈਸਟ ਅਤੇ ਈਸੀਜੀ ਅੱਧੇ ਰੇਟਾਂ ਤੇ ਕੀਤੇ ਜਾਣਗੇ ਅਤੇ ਦਵਾਈਆਂ ਮੁਫਤ ਦਿੱਤੀਆਂ ਜਾਣਗੀਆਂ। ਇਸ ਪ੍ਰਕਾਰ ਹਰ ਪ੍ਰਕਾਰ ਦੇ ਜਨਰਲ ਅਤੇ ਲੈਪਰੋਸਕੋਪੀ ਅਪ੍ਰੇਸ਼ਨ ਘੱਟ ਰੇਟ ਤੇ ਕੀਤੇ ਜਾਣਗੇ। ਮੁੱਖ ਪ੍ਰਬੰਧਕ ਲਲਿਤ ਮਹਾਜਨ, ਡਾ ਬਲਵੀਰ ਬੱਲ ਅਤੇ ਬਸਪਾ ਆਗੂ ਪ੍ਰਵੀਨ ਬੰਗਾ ਨੇ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਤਿੰਨ ਦਿਵਸੀ ਕੈਂਪ ਵਿੱਚ ਪਹੁੰਚ ਕੇ ਵੱਧ ਤੋਂ ਵੱਧ ਕੈਂਪ ਦਾ ਲਾਭ ਉਠਾਓਣਾ ਚਾਹੀਦਾ ਹੈ।

# ਪਿੰਡ ਥਾਂਦੀਆਂ ਵਿਖੇ ਲੱਗੇ ਛੇਵੇਂ ਅੱਖਾਂ ਦੇ ਫਰੀ ਚੈੱਕਅੱਪ ਕੈਂਪ ਦਾ 304 ਮਰੀਜ਼ਾਂ ਨੇ ਲਾਭ ਪ੍ਰਾਪਤ ਕੀਤਾ

**ਬੰਗਾ (ਚਰਨਜੀਤ ਸੱਲ੍ਹਾ)** ਐਨ ਆਰ ਆਈ ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਸਹਿਯੋਗ ਨਾਲ ਛੇਵਾਂ ਫਰੀ ਅੱਖਾਂ ਦਾ ਅਤੇ ਜਨਰਲ ਮੈਡੀਕਲ ਚੈੱਕਅੱਪ ਕੈਂਪ ਗੁ: ਬਾਬਾ ਮੀਹਾਂ ਜੀ ਪਿੰਡ ਥਾਂਦੀਆਂ ਵਿਖੇ ਲਗਾਇਆ ਗਿਆ ਜਿਸ ਵਿਚ 304 ਲੋੜਵੰਦ ਮਰੀਜ਼ਾਂ ਨੇ ਫਰੀ ਚੈੱਕਅੱਪ ਕਰਵਾਇਆ ਅਤੇ ਫਰੀ ਦਵਾਈਆਂ ਪ੍ਰਾਪਤ ਕੀਤੀਆਂ । ਇਸ ਕੈਂਪ ਦੀ ਆਰੰਭਤਾ ਸਮੂਹ ਮਰੀਜ਼ਾਂ ਦੀ ਚੜ੍ਹਦੀਕਲਾ, ਤੰਦਰੁਸਤੀ ਅਤੇ ਸਰਬੱਤ ਦੇ ਭਲੇ ਲਈ ਕੀਤੀ ਗਈ ਅਰਦਾਸ ਉਪਰੰਤ ਹੋਈ । ਇਸ ਮੌਕੇ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਹਰ ਸਾਲ ਐਨ ਆਰ ਆਈ ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਅੱਖਾਂ ਅਤੇ ਜਨਰਲ ਮੈਡੀਕਲ ਚੈੱਕਅੱਪ ਲਗਾਉਣ ਲਈ ਕੀਤੇ



ਜਾਂਦੇ ਉਦੱਮਾਂ ਦੀ ਭਰਪੂਰ ਸ਼ਲਾਘਾ ਕੀਤੀ । ਇਸ ਮੌਕੇ ਉਹਨਾਂ ਨੇ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਿਲਦੀਆਂ ਮੈਡੀਕਲ ਸੇਵਾਵਾਂ ਬਾਰੇ ਵੀ ਜਾਣਕਾਰੀ ਦਿੱਤੀ । ਇਸ ਮੌਕੇ ਕਨੈਡਾ ਨਿਵਾਸੀ ਦਲਵੀਰ ਸਿੰਘ ਥਾਂਦੀ ਨੇ ਗੁ: ਬਾਬਾ ਮੀਹਾਂ ਜੀ ਪ੍ਰਬੰਧਕ ਕਮੇਟੀ, ਸਮੂਹ ਐਨ ਆਰ ਆਈ ਵੀਰਾਂ, ਨਗਰ ਨਿਵਾਸੀ, ਗ੍ਰਾਮ ਪੰਚਾਇਤ ਅਤੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦਾ ਅੱਖਾਂ ਦਾ ਤੇ ਫਰੀ ਮੈਡੀਕਲ ਚੈੱਕਐਪ ਕੈਂਪ ਲਗਾਉਣ ਲਈ ਹਰ ਸਾਲ ਸਹਿਯੋਗ ਦੇਣ ਲਈ ਹਾਰਦਿਕ ਧੰਨਵਾਦ ਕੀਤਾ । ਇਸ ਮੌਕੇ ਡਾ. ਟੀ ਅਗਰਵਾਲ, ਡਾ. ਕੁਲਦੀਪ ਸਿੰਘ, ਡਾ, ਨਵਦੀਪ ਕੌਰ ਅਤੇ ਉਪਟਰੋਮੀਟਰਸ ਦਲਜੀਤ ਕੌਰ ਨੇ ਕੈਂਪ ਵਿਚ ਮਰੀਜ਼ਾਂ ਦਾ ਮੁਫ਼ਤ ਚੈੱਕਅੱਪ ਕੀਤਾ । ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਤੇ ਐਨਕਾਂ ਪ੍ਰਦਾਨ ਕੀਤੀਆਂ ਅਤੇ ਸ਼ੂਗਰ ਟੈਸਟ ਫਰੀ ਹੋਏ । ਇਸ ਮੌਕੇ ਅੱਖਾਂ ਦੇ ਅਪਰੇਸ਼ਨਾਂ ਲਈ 34 ਮਰੀਜ਼ ਚੁਣੇ ਗਏ ਜਿਹਨਾਂ ਦੇ ਅਪਰੇਸ਼ਨ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਕੀਤੇ ਜਾਣਗੇ । ਇਸ ਫਰੀ ਅੱਖਾਂ ਦੇ ਅਤੇ ਫਰੀ ਮੈਡੀਕਲ ਚੈੱਕਅੱਪ ਕੈਂਪ ਵਿਚ ਮਰੀਜ਼ਾਂ ਦੀ ਸੇਵਾ ਸੰਭਾਲ ਲਈ ਸਮੂਹ ਗੁ: ਬਾਬਾ ਮੀਹਾਂ ਜੀ ਪ੍ਰਬੰਧਕ ਕਮੇਟੀ, ਸਮੂਹ ਨਗਰ ਨਿਵਾਸੀ ਅਤੇ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ । ਇਸ ਮੌਕੇ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਕੈਂਪ ਪ੍ਰਬੰਧਕਾਂ ਵੱਲੋਂ ਇਕੱਤਰ ਇਲਾਕਾ ਨਿਵਾਸੀਆਂ ਨੂੰ ਵਾਤਾਵਰਣ ਨੂੰ ਸਾਫ਼ ਸੁਥਰਾ ਰੱਖਣ ਹਿੱਤ ਜਾਗਰੂਕ ਕਰਦੇ ਹੋਏ 200 ਤੋਂ ਵਧੇਰੇ ਪੌਦੇ ਵੀ ਵੰਡੇ ਗਏ।

# ਬੰਦੇ ਤੋਂ ਇਨਸਾਨ

ਮੈਂ ਤੇ ਰੱਬ ਦਾ ਰਿਹਾ ਏ ਵੈਰ ਮੁੱਢੋਂ ,
ਅਪਣੇ ਆਪ ਨਾ ਕਦੇ ਭਗਵਾਨ ਬਣੀਏਂ ।
ਝੂਠੇ ਬੰਦਿਆਂ ਤੋਂ ਪਾਸਾ ਵੱਟ ਲਈਏ ,
ਜੇਕਰ ਬਣੀਏਂ ਤਾਂ ਸੱਚ ਦਾ ਗਿਆਨ ਬਣੀਏਂ।
ਕਾਲਸ ਖੱਟੀਏ ਨਾ ਆਪਣੇ ਮਾਪਿਆਂ ਲਈ ,
ਆਪਣੇ ਪਿੰਡ ਤੇ ਸ਼ਹਿਰ ਦੀ ਸ਼ਾਨ ਬਣੀਏਂ ।
ਸੱਚ ਕਿਹਾ ਏ ਸਿਆਣਿਆਂ ਬੰਦਿਆਂ ਨੇ ,
ਪਹਿਲਾਂ ਬੰਦਾ ਤੇ ਫ਼ੇਰ ਇਨਸਾਨ ਬਣੀਏਂ ।

**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037



# ਵੈਰੀਆਂ ਦੀ ਭਾਜੀ

ਉਹ ਕਾਹਦਾ ਹੈ ਮਰਦ ਜੋ ਕੀਤੇ ਕੌਲ ਤੋੜੇ
ਸੂਰਮਾ ਹੁੰਦਾ ਜੋ ਵੈਰੀਆਂ ਦੀ ਭਾਜੀ ਮੋੜੇ।

ਸ਼ਰੀਕਾਂ ਦੀਆਂ ਕਢਾਵੇ ਨੱਕ ਨਾਲ ਲੀਕਾਂ
ਯੋਧਾ ਸੋ ਜੋ ਵੈਰੀ ਦੀਆਂ ਪਵਾਵੇ ਚੀਕਾਂ॥

ਸੱਜਣਾਂ ਲਈ ਵਾਰੇ ਆਪਣੀ ਜਿੰਦ ਤੇ ਜਾਨ
ਯਾਰ ਉਹ ਜਿਸ ਦੀ ਯਾਰੀ ਤੇ ਹੋਵੇ ਮਾਨ।

ਔਖੇ ਵੇਲੇ ਜੋ ਅੱਧਵਾਟੇ ਛੱਡ ਨਾ ਪਾਸਾ ਵੱਟੇ
ਸੌਖੇ ਸਮੇ ਖੁਸ਼ੀਆਂ ਖੇੜਿਆਂ ਦੇ ਚੁਕਾਵੇ ਫੱਟੇ

ਸਰੀਰਾਂ ਦੇ ਹੋਣ ਕਾਹਰੇ ਜਿਗਰੇ ਦੇ ਜੋ ਮੱਲ
ਹਰ ਮੁਸ਼ਕਲ ਦਾ ਜੋ ਖੜੇ ਖੜੋਤੇ ਕੱਢੇ ਹੱਲ।

ਰੱਬ ਨੂੰ ਦਿਨ ਰਾਤ ਚਿੱਤ ਆਪਣੇ ਵਸਾਵੇ
ਖੜ ਜਾਵੇ ਨਾਲ ਵੈਰੀ ਦੀ ਪੇਸ਼ ਨਾ ਜਾਵੇ॥



**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

# ਇਲਾਹੀ ਧਰਤੀਆਂ

ਜੋ ਤਵੀਆਂ, ਆਰਿਆਂ
ਤੇ ਚਰਖੜੀ ਦੀ ਗੱਲ ਹੁੰਦੀ ਏ,
ਅਕੀਦਤ ਹੀ ਸ਼ਰ੍ਹਾ ਦੇ
ਮਸਲਿਆਂ ਦਾ ਹੱਲ ਹੁੰਦੀ ਏ।

ਇਲਾਹੀ ਧਰਤੀਆਂ ਕਰਕੇ
ਮਜਾਜੀ ਇਸ਼ਕ ਘੁਲਦਾ ਏ,
ਕਿਸੇ ਦਰਵੇਸ਼ ਦੇ ਮੱਥੇ
ਰੁਹਾਨੀ ਬਾਰ ਖੁੱਲ੍ਹਦਾ ਏ।

ਹੈ ਕਿਹੜਾ ਪੀਰ ਨੌਗਜ਼ੀਆ
ਤੇ ਕਿਸ ਭੂ-ਖੰਡ ਰਹਿੰਦਾ ਏ?
ਜਿਵੇਂ ਬ੍ਰਹਮਾ ਦੇ ਕਰਮੰਡਲ
ਦੇ ਵਿੱਚ ਬ੍ਰਹਿਮੰਡ ਰਹਿੰਦਾ ਏ।

ਹਥੌੜੇ ਸੱਚ ਦੇ ਨਾਲ਼
ਝੂਠ ਦੀ ਦੀਵਾਰ ਢਹਿੰਦੀ ਏ,
ਜਦੋਂ ਜਾਲ਼ੇ ਉੱਤਰਦੇ ਨੇ
ਤਾਂ ਕੁੱਲੀ ਲਿਸ਼ਕ ਪੈਂਦੀ ਏ।

ਰਿਹਾ ਨੈਣਾਂ 'ਚੋਂ ਸੁਰਮਾ ਡੁੱਲ੍ਹਦਾ
ਜਦ ਸਾਉਣ ਵਰ੍ਹਦਾ ਸੀ,
ਉਹ ਪਾਣੀ ਹਿਜਰ ਦਾ ਪਾ-ਪਾ ਕੇ
ਹੁਜਰਾ ਸਾਫ਼ ਕਰਦਾ ਸੀ।

ਜਗਾਓ ਸ਼ੇਖ਼ ਨੂੰ,ਆਖੋ
ਕਿ ਅੱਲਾ ਯਾਦ ਕਰਦਾ ਏ,
ਕੋਈ ਕਾਫ਼ਰ ਸੁਨੇਹਾ ਲਾਉਣ ਦੀ
ਫ਼ਰਿਆਦ ਕਰਦਾ ਏ।

ਉਹ ਮਣਕਾ ਭਾਲ਼ ਤਸਬੀ ਦਾ
ਜਿਹਦੇ 'ਤੇ ਗੰਢ ਦੇਵਾਂ ਮੈਂ,
ਜਾਂ ਬਾਕੀ ਮਣਕਿਆਂ ਨੂੰ
ਆਸ਼ਕਾਂ ਵਿਚ ਵੰਡ ਦੇਵਾਂ ਮੈਂ।

ਜੇ ਤੜਕੇ ਅੱਖ ਖੁੱਲ੍ਹ ਜਾਵੇ
ਖ਼ੁਸ਼ਨੁਮਾ ਚਿੱਤ ਰਹਿੰਦਾ ਏ,
ਜਦੋਂ ਨੁਕਤਾ ਸਮਝ ਲਈਏ
ਤਾਂ ਸਹਿਜ ਗਣਿਤ ਰਹਿੰਦਾ ਏ।

ਸਿਦਕ ਮਨਸੂਰ ਦੀ ਸੂਲ਼ੀ
ਤੇ ਖੰਡਿਆਂ, ਬਾਟਿਆਂ ਅੰਦਰ,
ਕਦੇ ਵੀ ਇਸ਼ਕ ਨਹੀਂ ਪੈਂਦਾ
ਮੁਨਾਫ਼ੇ, ਘਾਟਿਆਂ ਅੰਦਰ।

ਜੋ ਬਾਹਰੋਂ ਹੋਰ ਦਿਸਦੇ ਸੀ
ਉਹ ਅੰਦਰੋਂ ਹੋਰ ਵੇਖੇ ਨੇ,
ਤੇ ਅਕਸਰ ਤੀਰਥਾਂ ਉੱਤੇ
ਲੁਟੇਰੇ, ਚੋਰ ਵੇਖੇ ਨੇ।

ਮੈਂ ਜੀਵਨ-ਤਲਬ ਦੇ ਨਾਲ਼ੋਂ
ਮਰਨ ਦੀ ਆਸ 'ਤੇ ਜੀਵਾਂ,
ਤੇ ਸੱਜਰੇ ਖੰਭ ਲੈ ਕੇ
ਹੁਕਮ ਦੇ ਆਕਾਸ਼ 'ਤੇ ਜੀਵਾਂ।

ਮੈਂ ਆਪਣੇ ਹਰ ਗੁਨਾਹ ਨੂੰ
ਖ਼ੁਦ ਸਲੀਬੇ ਚਾੜ੍ਹ ਦਿੱਤਾ ਏ,
ਤੇ ਆਪਣੀ ਬੇਵੱਸੀ ਦਾ
ਰੱਦੀ ਕਾਇਦਾ ਪਾੜ ਦਿੱਤਾ ਏ।



**ਰਿਤੂ ਵਾਸੂਦੇਵ**

# ਸਮਾਂ ਬੜਾ ਅਨਮੋਲ

ਨਾ ਇਹ ਰੁਕਿਆ ਨਾ ਇਹ ਰੁਕਣਾ,
ਸਮਾਂ ਬੜਾ ਅਨਮੋਲ।

ਸਭ ਨੂੰ ਹੈ ਦਿੱਤਾ ਰੱਬ ਨੇ,
ਇੱਕੋ ਤੱਕੜੀ ਤੋਲ।

ਨਾ ਹੀ ਇਸ ਨੂੰ ਅਜਾਂਈ ਗਵਾਇਓ,
ਨਾ ਮਿਲਦਾ ਇਹ ਮੋਲ ।

ਇੱਕ ਵੀ ਪਲ ਨਾ ਵਿਹਲਾ ਰਹਿੰਦਾ,
ਜੋ ਸਮਝ ਗਿਆ ਗੱਲ ਗੋਲ।

ਮੋਲ ਨਾ ਇਸਦਾ, ਅਣਮੁੱਲਾ ਹੈ,
ਆਖ ਰਹੀ ਮੈਂ ਬੋਲ।

ਅੱਜ ਦਾ ਕੰਮ ਨਾ ਕੱਲ੍ਹ 'ਤੇ ਛੱਡੋ,
ਨਹੀਂ ਮਿੱਟੀ 'ਚ ਦਿੰਦਾ ਹੈ ਰੋਲ ।

ਕਦਰ ਵੀ ਜਿਸ ਨੇ ਇਸ ਦੀ ਪਾਈ,
ਹਰ ਸ਼ੈਅ ਉਸ ਦੇ ਕੋਲ।

ਸਮਾਂ ਬਹੁਤ ਅਨਮੋਲ,
ਸਮਾਂ ਬਹੁਤ ਅਨਮੋਲ ।



**ਅਮ੍ਰਿਤ ਸਰਹਿੰਦ**
**ਸਕੂਲ ਇੰਚਾਰਜ ਸ. ਮਿ. ਸ. ਹਰਲਾਲਪੁਰ**
**ਫ਼ਤਹਿਗੜ੍ਹ ਸਾਹਿਬ।**



# ਵਿਰਾਸਤੀ ਮੇਲਾ ਤੇ ਸੱਭਿਆਚਾਰਕ ਵੰਨਗੀਆਂ

ਬੱਚਿਆਂ ਨੂੰ ਮਾਂ ਬੋਲੀ ਅਤੇ ਸਾਡੇ ਅਮੀਰ ਸੱਭਿਆਚਾਰ ਨਾਲ ਜੋੜਨ ਲਈ ਇੱਕ ਵਿਸ਼ਾਲ ਮੰਚ ਦੀ ਜਰੂਰਤ ਹੈ।ਭਾਵੇ ਵਿਭਾਗ ਵਲੋਂ ਫਰਵਰੀ ਮਹੀਨੇ ਚ ਅਜਿਹੇ ਪ੍ਰੋਗਰਾਮ ਕਰਵਾਏ ਜਾਂਦੇ ਹਨ ।ਪਰ ਇਹ ਪ੍ਰੋਗਰਾਮ ਕਈ ਕਾਰਣਾਂ ਜਿਵੇਂ ਪ੍ਰਬੰਧਾਂ ਅਤੇ ਫੰਡਾਂ ਦੀ ਘਾਟ ਕਰਕੇ ਆਪਣੀ ਮਹੱਤਤਾ ਪ੍ਰਾਪਤ ਕਰਨ ਵਿੱਚ ਥੋੜ੍ਹਾ ਪਛੜ ਜਾਂਦੇ ਹਨ।ਇਸ ਤੋਂ ਇਲਾਵਾ ਅਜਿਹੇ ਪ੍ਰੋਗਰਾਮ ਸਿਰਫ ਖਾਨਾ ਪੂਰਤੀ ਜਾਂ ਭਾਗ ਲੈਣ ਤੱਕ ਹੀ ਸੀਮਿਤ ਰਹਿੰਦੇ ਹਨ। ਪਰ ਇਸ ਦੇ ਐਨ ਉਲਟ ਬਹੁਤੀਆਂ ਵਿੱਦਿਅਕ ਸੰਸਥਾਵਾਂ , ਆਪਣੇ ਨਿੱਜੀ ਯਤਨਾਂ ਨਾਲ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਬੱਚਿਆਂ ਨੂੰ ਸਹਿ ਵਿਦਿਅਕ ਗਤੀ ਵਿਧੀਆਂ ਕਰਵਾਉਂਦੀਆਂ ਰਹਿਸ਼ਦੀਆਂ ਹਨ।ਸਿਆਣੇ ਕਹਿੰਦੇ ਆ , "ਬੱਚੇ ਤਾਂ ਕੱਚੀ ਮਿੱਟੀ ਹਨ,ਉਹਨਾਂ ਨੂੰ ਜਿਹੋ-ਜਿਹਾ ਆਕਾਰ ਦੇਵਾਂਗੇ,ਉਹ ਉਸੇ ਸਾਂਚੇ ਵਿੱਚ ਢਲ ਜਾਂਦੇ ਹਨ।"ਹਰ ਬੱਚੇ ਅੰਦਰ ਕਲਾ ਦਾ ਖਜ਼ਾਨਾ ਹੈ,ਪਰ ਉਸ ਨੂੰ ਪਰਖਣ,ਸਮਝਣ ਤੇ ਤਰਾਸ਼ਣ ਵਾਲੀ ਸੂਝ ਅਧਿਆਪਕ ਕੋਲ ਹੋਣੀ ਚਾਹੀਦੀ ਹੈ। ਮੁਢਲੇ ਪੱਧਰ ਤੇ ਭਾਵੇਂ ਬੱਚੇ ਸਾਡੀ ਵਿਸ਼ਾਲ ਵਿਰਾਸਤ ਅਤੇ ਸੱਭਿਆਚਾਰ ਦੀ ਉਨ੍ਹੀ ਸਮਝ ਨਹੀਂ ਰੱਖਦੇ।ਪਰ ਦੁੱਧ ਜਾਗ ਲਾਇਆ ਹੀ ਜੰਮਦਾ ਹੈ।ਸੁਰੂਆਤ ਵਿੱਚ ਸਹਿ ਵਿਦਿਅਕ ਗਤੀ ਵਿਧੀਆਂ ਕਰਵਾਉਂਦੇ ਸਮੇਂ ਅਧਿਆਪਕ ਦਾ ਰੋਲ ਬਹੁਤ ਮਹੱਤਵਪੂਰਣ ਹੁੰਦਾ ਹੈ।ਤਿਆਰ ਕਰਵਾਈਆਂ ਜਾਣ ਵਾਲੀਆਂ ਵੰਨਗੀਆਂ ਜਿਵੇਂ ਕਿ ਲੋਕ ਗੀਤ, ਗੀਤ,ਕਵਿਤਾ,ਨਾਟਕ ਆਦਿ ਮਾਂ ਬੋਲੀ, ਵਿਰਾਸਤ ਅਤੇ ਸਾਡੇ ਅਮੀਰ ਸੱਭਿਆਚਾਰ ਨਾਲ ਸੰਬੰਧਿਤ ਹੋਣੇ ਚਾਹੀਦੇ ਹਨ।ਇਸ ਗੰਧਲੇਪਣ ਵਿੱਚ ਬਹੁਤ ਕੱਝ ਚੰਗਾ , ਮਾੜਾ ਸਾਡੇ





ਬੱਚਿਆਂ ਨੂੰ ਪਰੋਸਿਆ ਜਾ ਰਿਹਾ ਹੈ।ਚੰਗੇ ਦੀ ਚੋਣ, ਛੋਟੀ ਉਮਰ ਦੇ ਬੱਚਿਆਂ ਦੇ ਵਸੋਂ ਬਾਹਰ ਦੀ ਗੱਲ ਹੁੰਦੀ ਹੈ।ਚੰਗੇ ਅਧਿਆਪਕ ਦੀ ਯੋਗ ਅਗਵਾਈ ਉਹਨਾਂ ਨੂੰ ਜਿੰਦਗੀ ਵਿੱਚ ਥਿੜਕਣ ਨਹੀਂ ਦਿੰਦੀ।ਇੱਕ ਵਾਰ ਉਂਗਲ ਲਾ ਕੇ ਚੰਗੇ ਪਾਸੇ ਤੋਰਿਆ ਬੱਚਾ ਜਿੰਦਗੀ ਦੇ ਟੇਢੇ-ਵਿੰਗੇ ਰਿਸ਼ਤਿਆਂ ਤੋਂ ਆਪਣਾ ਬਚਾਅ ਕਰਨ ਯੋਗ ਹੋ ਜਾਂਦਾ ਹੈ।

ਪਿਛਲੇ ਦਿਨੀ ਪਟਿਆਲਾ ਵਿਖੇ ਹੋਏ ਵਿਰਾਸਤੀ ਮੇਲੇ ਵਿੱਚ ਸਕੂਲਾਂ ,ਕਾਲਜਾਂ ਦੇ ਬੱਚਿਆਂ ਨੂੰ ਚੰਗਾ ਮੰਚ ਮੁਹੱਈਆ ਕਰਵਾਇਆ ਗਿਆ।ਵੱਖ-ਵੱਖ ਸਕੂਲਾਂ ,ਕਾਲਜਾਂ ਦੇ ਬੱਚਿਆਂ ਨੇ ਮੇਲੇ ਦੌਰਾਨ ਮਾਂ ਬੋਲੀ, ਵਿਰਾਸਤ ਅਤੇ ਅਮੀਰ ਸੱਭਿਆਚਾਰ ਨਾਲ ਇੱਕ -ਮਿੱਕ ਹੁੰਦਿਆਂ ਲੋਕ ਗੀਤ,ਸਿੱਠਣੀਆਂ,ਸੁਹਾਗ ,ਘੋੜੀਆਂ ,ਕੋਰੀਓਗ੍ਰਾਫੀ ਤੇ ਪੁਰਾਤਨ ਲੋਕ ਬੋਲੀਆਂ ਦਾ ਪ੍ਰਦਰਸ਼ਨ ਸੱਭਿਆਚਾਰਕ ਗਤੀਵਿਧੀਆ ਰਾਹੀਂ ਪੇਸ ਕੀਤਾ। ਅਨੇਕਾਂ ਪ੍ਰਾਇਮਰੀ ਪੱਧਰ ਦੇ ਬੱਚਿਆਂ ਨੇ ਆਪਣੀ-ਆਪਣੀ ਪੇਸਕਾਰੀ ਪੇਸ ਕੀਤੀ। ਇਹਨਾਂ ਵਿੱਚੋਂ ਖਾਸ ਕਰਕੇ ਸਰਕਾਰੀ ਐਲੀਮੈਂਟਰੀ ਸਕੂਲ,ਸੰਭੂ ਕਲਾਂ ਦੇ ਨੰਨੇ-ਮੁੰਨੇ ਬੱਚਿਆਂ ਰਮਨਦੀਪ ਕੌਰ, ਅਨੁਪ੍ਰੀਤ ਕੌਰ, ਖੁਸ਼ਵਿੰਦਰ ਕੌਰ ਨੇ ਖੂਬ ਰੰਗ ਬੰਨਿਆ।ਉਹਨਾਂ ਵਲੋਂ "ਚੱਲ ਮੇਲੇ ਨੂੰ ਚੱਲੀਏ " ਗੀਤ 'ਤੇ ਪੇਸ਼ ਕੀਤੀ ਕੋਰੀਓਗ੍ਰਾਫੀ ਮੇਲੇ ਦੀ ਮਹੱਤਤਾ,ਚਾਅ,ਭਾਵਨਾਵਾ,ਉਮੰਗ ਤੇ ਵਲਵਲਿਆਂ ਨੂੰ ਬਾ-ਖੂਬੀ ਦਰਸ਼ਕਾਂ ਸਾਹਮਣੇ ਬਿਆਨ ਕਰ ਗਈ। ਅੰਤ 'ਚ ਇਹੀ ਆਖਿਆ ਜਿ ਸਕਦਾ ਹੈ ਕਿ ਇਸ ਤਰ੍ਹਾਂ ਦੇ ਮੇਲਿਆਂ ਰਾਹੀਂ ਕੀਤੇ ਜਾ ਰਹੇ ਚੰਗੇ ਕਾਰਜ ਦਾ ਅਰੰਭ ਹੋਇਆ ਹੈ ਤਾਂ ਨਤੀਜਾ ਵੀ ਇੱਕ ਦਿਨ ਚੰਗਾ ਜਰੂਰ ਨਿਕਲੇਗਾ।

**ਫਲੇਲ ਸਿੰਘ ਸਿੱਧੂ**

# ਮਾਲਵੇ ਦੀ ਧਰਤੀ ਦਾ ਪ੍ਰਸਿੱਧ ਗੀਤਕਾਰ ਗੀਤਾ ਦਿਆਲਪੁਰਾ

ਪੰਜਾਬੀ ਲੋਕ ਗੀਤ ਪੰਜਾਬ ਦੀ ਹਸਦੀ ਖੇਡਦੀ ਨੱਚਦੀ ਗਾਉਂਦੀ ਸੰਸਕ੍ਰਿਤੀ ਅਤੇ ਅਮੀਰ ਸੱਭਿਆਚਾਰ ਦੇ ਪ੍ਰਤੀਕ ਹੁੰਦੇ ਹਨ ਜਿਨ੍ਹਾਂ ਰਾਹੀਂ ਆਪਣੇ ਵੱਡ ਵਡੇਰਿਆਂ, ਸੂਰਬੀਰ ਯੋਧਿਆਂ, ਦਾਨੀਆਂ, ਗੁਰੂਆਂ ਪੀਰਾਂ, ਭਗਤਾਂ, ਸਮਾਜ ਦੀ ਤਰੱਕੀ, ਆਜ਼ਾਦੀ ਅਤੇ ਖੁਸ਼ਹਾਲੀ ਲਈ ਪਾਏ ਵੱਡਮੁੱਲੇ ਯੋਗਦਾਨ ਦਾ ਜ਼ਿਕਰ ਲੇਖਕਾਂ ਕਵੀਆਂ ਵਲੋਂ ਅਪਣੀ ਅਪਣੀ ਸਮਝ ਮੁਤਾਬਿਕ ਵਰਨਣ ਕੀਤਾ ਜਾਂਦਾ ਹੈ। ਗੀਤਾਂ ਦੀ ਰਚਨਾ ਕੋਈ ਵੀ ਕਵੀ ਵਿਸ਼ੇਸ਼ ਰੂਪ ਵਿੱਚ ਨਹੀਂ ਕਰਦਾ ਸਗੋਂ ਲੋਕਾਂ ਦੇ ਦਿਲੀ ਭਾਵ ਗੀਤਾਂ ਦਾ ਰੂਪ ਲੈ ਕੇ ਆਪ ਮੁਹਾਰੇ ਫੁੱਟ ਪੈਂਦੇ ਹਨ । ਹੁਣ ਤੱਕ ਪੰਜਾਬੀ ਦੇ ਪ੍ਰਸਿੱਧ ਸੂਫੀ ਕਵੀਆਂ ਤੋਂ ਲੈ ਕੇ ਅਨੇਕਾਂ ਗੀਤਕਾਰਾਂ ਨੇ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਬਹੁਤ ਵੱਡਾ ਹਿੱਸਾ ਪਾਇਆ ਹੈ।ਇਸੇ ਕੜੀ ਅਧੀਨ ਮਾਲਵੇ ਖਿੱਤੇ ਦੇ ਮਸ਼ਹੂਰ ਪਿੰਡ ਦਿਆਲਪੁਰਾ ਭਾਈਕਾ (ਜ਼ਿਲ੍ਹਾ ਬਠਿੰਡਾ)ਦੇ ਬਹੁਤ ਹੀ ਪ੍ਰਸਿੱਧ ਤੇ ਨਾਮੀ ਗੀਤਕਾਰ ਸਤਿਕਾਰ ਯੋਗ ਗੀਤਾ ਦਿਆਲਪੁਰਾ ਜੀ ਦਾ ਨਾਮ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ ਜਿਨ੍ਹਾਂ ਦਾ ਜਨਮ ਮਾਤਾ ਜੰਗੀਰ ਕੌਰ ਤੇ ਪਿਤਾ ਸਰਦਾਰ ਬੰਤਾ ਸਿੰਘ ਦੇ ਗ੍ਰਹਿ ਵਿਖੇ 05 ਨਵੰਬਰ 1964 ਨੂੰ ਪਿੰਡ ਦਿਆਲਪੁਰਾ ਭਾਈਕਾ ਜ਼ਿਲ੍ਹਾ ਬਠਿੰਡਾ ਵਿਖੇ ਹੋਇਆ। ਉਨ੍ਹਾਂ ਦੀ ਕਲਮ ਨੇ ਹੁਣ ਤੱਕ ਸੈਂਕੜੇ ਗੀਤ, ਪ੍ਰਸੰਗ ਲਿਖ ਕੇ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਵੱਡਾ ਹਿੱਸਾ ਪਾਇਆ ਹੈ,। ਉਨ੍ਹਾਂ ਦੀ ਕਲਮ ਤੋਂ ਨਿਕਲੇ ਲੋਕ ਗੀਤਾਂ ਵਰਗੇ ਕਿੱਸੇ ਕਥਾਵਾਂ,ਸਮਾਜਿਕ ਅਤੇ ਧਾਰਮਿਕ ਗੀਤਾਂ ਨੂੰ ਵੱਡੇ ਵੱਡੇ ਗਾਇਕਾਂ ਵਲੋਂ ਪੇਂਡੂ ਅਖਾੜਿਆਂ ਦੀਆਂ ਸਟੇਜਾਂ ਉੱਤੇ ਹਜ਼ਾਰਾਂ ਦੀ ਗਿਣਤੀ ਵਿੱਚ ਸੁਣਨ ਆਏ ਸਰੋਤਿਆਂ ਦੀ ਹਾਜ਼ਰੀ ਵਿੱਚ ਗਾ ਕੇ ਵੱਡਾ ਨਾਮ ਅਤੇ ਪੈਸਾ ਕਮਾਇਆ ਗਿਆ ਹੈ। ਗੀਤਕਾਰ ਗੀਤਾ ਦਿਆਲਪੁਰਾ ਜੀ ਦੇ ਲਿਖੇ ਧਾਰਮਿਕ ਅਤੇ ਯੋਧਿਆਂ ਦੇ ਪ੍ਰਸੰਗ ਵੀ ਪ੍ਰਸਿੱਧ ਕਵੀਸ਼ਰਾਂ, ਢਾਡੀਆਂ ਵੱਲੋਂ ਧਾਰਮਿਕ ਸਟੇਜਾਂ, ਦੀਵਾਨਾ ਤੇ ਸੁਣਾਏ ਜਾਂਦੇ ਹਨ ਅਤੇ ਰਿਕ-ਾਰਡ ਵੀ ਹੋਏ ਹਨ ਜਿਨ੍ਹਾਂ ਵਿੱਚ !

ਸ਼੍ਰੋਮਣੀ ਢਾਡੀ ਗੁਰਬਖਸ਼ ਸਿੰਘ ਅਲਬੇਲਾ ਜੀ,

ਤੇਜਾ ਸਿੰਘ ਤੂਫਾਨ,

ਢਾਡੀ ਪਾਲ ਸਿੰਘ ਪ੍ਰਵਾਸੀ ,

ਢਾਡੀ ਜੱਥਾ ਮੱਖਣ ਸਿੰਘ ਸਿੱਧੂ ਸੇਲਬਰਾਹ,

ਕਵੀਸ਼ਰ ਸਵਰਨ ਸਿੰਘ ਰੋਡੇ ਅਤੇ ਧਾਰਮਿਕ ਗੀਤ ਗਾਉਣ ਵਾਲੇ ਵੱਡੇ ਗਾਇਕ ਜਿਨ੍ਹਾਂ ਵਿੱਚ



ਬਲਕਾਰ ਸਿੱਧੂ,ਮੇਜਰ ਰਾਜਸਥਾਨੀ, ਅਮ੍ਰਿਤਾ ਵਿਰਕ, ਦਲਵਿੰਦਰ ਦਿਆਲਪੁਰੀ, ਹਰਦੇਵ ਮਾਹੀਨੰਗਲ, ਅਨਮੋਲ ਵਿਰਕ, ਕੁਲਦੀਪ ਰਸੀਲਾ, ਜਸਜੀਤ ਬਾਠ,ਅਮਨ ਰੋਜ਼ੀ, ਧਰਮਪ੍ਰੀਤ ਦੇ

ਨਾਵਾਂ ਦਾ ਵਿਸ਼ੇਸ਼ ਵਰਨਣ ਕੀਤਾ ਜਾ ਸਕਦਾ ਹੈ। ਮੇਰੀ ਉਸ ਨਾਲ਼ ਨਿੱਜੀ ਅਤੇ ਪ੍ਰਵਾਰਕ ਗੂੜ੍ਹੀ ਸਾਂਝ ਹੋਣ ਕਰਕੇ ਮੈਂ ਮਹਿਸੂਸ ਕੀਤਾ ਹੈ ਕਿ ਗੀਤਕਾਰ ਗੀਤਾ ਦਿਆਲਪੁਰੇ ਵਾਲਾ ਖ਼ੁਦ ਵੈਸੇ ਤਾਂ ਬਹੁਤ ਘੱਟ ਬੋਲਦਾ ਹੈ ਅਤੇ ਜ਼ਿਆਦਾਤਰ ਚੁੱਪ ਹੀ ਰਹਿੰਦਾ ਹੈ ਜਿਸ ਦਾ ਵਰਨਣ ਉਸ ਨੇ ਅਪਣੇ ਕਈ ਗੀਤਾਂ ਵਿੱਚ ਵੀ ਕੀਤਾ ਹੈ ਪਰ ਉਹ ਅੰਦਰੋਂ ਬਹੁਤ ਹੀ ਗਹਿਰ ਗੰਭੀਰ ਵਿਅਕਤੀਤੱਵ ਦਾ ਮਾਲਕ ਹੈ ਉਹ ਜਦੋਂ ਵੀ ਅਤੇ ਜੋ ਵੀ ਸ਼ਬਦ ਬੋਲਦਾ ਹੈ ਉਸ ਦੇ ਮਾਇਨੇ ਵਡਮੁੱਲੇ ਹੁੰਦੇ ਹਨ। ਹੁਣ ਗੀਤਾ ਦਿਆਲਪੁਰਾ ਜੀ ਨੇ ਅਪਣੇ ਪਾਠਕਾਂ ਅਤੇ ਸਰੋਤਿਆਂ ਦੀ ਪੁਰਜ਼ੋਰ ਮੰਗ ਤੇ ਅਪਣੇ ਲਿਖੇ ਹੋਏ ਧਾਰਮਿਕ ਗੀਤਾਂ ਦੀ ਕਿਤਾਬ (ਸਿੰਘ ਅਣਖੀ ਪ੍ਰਵਾਨੇ) ਵੀ ਉਨ੍ਹਾਂ ਦੀ ਝੋਲੀ ਪਾਈ ਹੈ। ਜਿਸ ਨੂੰ ਲਿਖਣ ਲਈ ਉਸਨੇ ਬਹੁਤ ਮਿਹਨਤ ਕੀਤੀ ਹੈ, ਅਨੇਕਾਂ ਧਾਰਮਿਕ ਗ੍ਰੰਥਾਂ ਅਤੇ ਕਿਤਾਬਾਂ, ਕਿੱਸਿਆਂ, ਕਥਾਵਾਂ ਦਾ ਅਧਿਐਨ ਕੀਤਾ ਹੈ ਤੇ ਉੱਚਕੋਟੀ ਦੇ ਵਿਦਵਾਨਾਂ ਅਤੇ ਬੁੱਧੀਜੀਵੀਆਂ ਨਾਲ਼ ਵਿਚਾਰ ਵਟਾਂਦਰਾ ਕਰਕੇ ਗਿਆਨ ਹਾਸਲ ਕੀਤਾ ਹੈ ਇਸ ਲਈ ਮੈਨੂੰ ਪੂਰੀ ਉਮੀਦ ਹੈ ਕਿ ਇਹ ਕਿਤਾਬ ਪਾਠਕਾਂ ਦੇ ਗਿਆਨ ਵਿੱਚ ਵਾਧਾ ਚੋਖਾ ਕਰੇਗੀ।

ਮੈਂ ਗੀਤਕਾਰ ਗੀਤਾ ਦਿਆਲਪੁਰਾ ਜੀ ਨੂੰ ਉਨ੍ਹਾਂ ਦੀ ਇਸ ਪਲੇਠੀ ਧਾਰਮਿਕ ਗੀਤਾਂ ਦੀ ਪੁਸਤਕ ਲਈ ਵਧਾਈ ਵੀ ਦਿੰਦਾ ਹਾਂ ਅਤੇ ਪਾਠਕਾਂ ਨੂੰ ਬੇਨਤੀ ਕਰਦਾ ਹਾਂ ਕਿ ਇਸ ਕਿਤਾਬ ਨੂੰ ਵੱਡੀ ਗਿਣਤੀ ਵਿੱਚ ਪਾਠਕ ਪੜ੍ਹਨ ਅਤੇ ਅਪਣੇ ਗਿਆਂਨ ਵਿੱਚ ਵਾਧਾ ਕਰਨ।

ਸਿਆਣਿਆਂ ਦਾ ਕਥਨ ਹੈ ਕਿ ਹਰ ਕਾਮਯਾਬ ਮਰਦ ਪਿੱਛੇ ਔਰਤ ਦਾ ਹੱਥ ਹੁੰਦਾ ਹੈ ਇਸ ਲਈ ਮੈਂ ਗੀਤਾ ਦਿਆਲਪੁਰਾ ਜੀ ਦੀ ਜੀਵਨ ਸਾਥਣ ਸਤਿਕ-ਾਰ ਯੋਗ ਬੀਬੀ ਪਰਮਜੀਤ ਕੌਰ ਧਾਲੀਵਾਲ ਜੀ ਨੂੰ ਵੀ ਵਿਸ਼ੇਸ਼ ਤੌਰ ਤੇ ਵਧਾਈ ਦਿੰਦਾ ਹਾਂ ਜਿਨ੍ਹਾਂ ਦੇ ਸਹਿਯੋਗ ਸਦਕਾ ਗੀਤਾ ਦਿਆਲਪੁਰਾ ਸਾਹਿਤ ਅਤੇ ਗੀਤਕਾਰੀ ਦੀ ਦੁਨੀਆ ਵਿੱਚ ਜੀ ਵੱਡਾ ਨਾਮ ਕਮਾਉਣ ਵਿੱਚ ਕਾਮਯਾਬ ਹੋਏ।

**ਤੁਹਾਡਾ ਆਪਣਾ**
**ਅਮਰਜੀਤ ਸਿੰਘ ਫ਼ੌਜੀ**
**ਪ੍ਰਧਾਨ ਪੰਜਾਬੀ ਲਿਖਾਰੀ ਸਭਾ**
**ਨਿਹਾਲ ਸਿੰਘ ਵਾਲਾ**
**ਪਿੰਡ ਦੀਨਾ ਸਾਹਿਬ**
**ਜ਼ਿਲ੍ਹਾ ਮੋਗਾ ਪੰਜਾਬ**
**94174-04804**

# ਪਿੰਡ ਤੇਹਿੰਗ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਖੁਸ਼ੀਆਂ ਵਿੱਚ ਨਗਰ ਕੀਰਤਨ ਸਜਾਇਆ ਗਿਆ

**ਬੰਗਾ ( ਚਰਨਜੀਤ ਸੱਲ੍ਹਾ )** ਪਿੰਡ ਤੇਹਿੰਗ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸੰਬੰਧ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਜਿਸ ਦੌਰਾਨ ਮਿਸ਼ਨਰੀ ਗਾਇਕ ਵਿੱਕੀ ਬਹਾਦੁਰਕੇ ਨੇ ਪ੍ਰੋਗਰਾਮ ਪੇਸ਼ ਕੀਤਾ।23 ਫ਼ਰਵਰੀ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਗਾਇਕ ਜਸਵਿੰਦਰ ਲੋਹਟੀਆ ਨੇ ਸਤਿਗੁਰਾਂ ਦੀ ਮਹਿਮਾ ਦਾ ਗੁਣਗਾਨ ਕੀਤਾ।ਉਹਨਾ ਨੇ ਲਗਭਗ ਤਿੰਨ ਘੰਟੇ ਦੇ ਆਪਣੇ ਪ੍ਰੋਗਰਾਮ ਦੌਰਾਨ ਆਪਣੇ ਹਿਟ ਗੀਤ ਹਾਕਮਾ, ਕੌਮ,ਕੌਣ ਕਰੂਗਾ ਰੀਸਾਂ,ਪੁੰਨਿਆਂ ਦਾ ਚੰਨ ਤੇ ਹੋਰ ਗੀਤਾਂ ਰਾਹੀਂ ਸੰਗਤਾਂ ਵਿੱਚ ਨਵਾਂ ਹੀ ਜੋਸ਼ ਭਰ ਦਿੱਤਾ। ਇਸ ਮੌਕੇ ਤੇ ਮਹਿੰਦਰ ਪਾਲ ਤੇਹਿੰਗ ਬਸਪਾ ਆਗੂ, ਪ੍ਰੇਮ ਬਹਾਦਰ,ਰਛਪਾਲ ਪੰਚ,ਪ੍ਰਧਾਨ ਪ੍ਰਬੰਧਕ ਕਮੇਟੀ





ਹੋਮਨੀ ਕੁਮਾਰ ਹੋਰ ਬਹੁਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ। ਇਸ ਦੀ ਜਾਣਕਾਰੀ ਮਹਿੰਦਰ ਪਾਲ ਨੇਂ ਦਿੱਤੀ।

# ਬੇਟੀ ਬਚਾਓ ਬੇਟੀ ਪੜ੍ਹਾਓ ਪ੍ਰਧਾਨ ਮੰਤਰੀ ਸੁਰੱਖਿਆ ਮਾਤ੍ਰਿਵ ਅਭਿਆਨ ਸਿਵਲ ਹਸਪਤਾਲ ਬੰਗਾ ਵਿਖੇ ਮਨਾਇਆ ਗਿਆ

**ਬੰਗਾ( ਚਰਨਜੀਤ ਸੱਲ੍ਹਾ )** ਡਾ ਬਲਵੀਰ ਕੁਮਾਰ ਸਿਵਲ ਸਰਜਨ ਅਤੇ ਡਾ ਜਸਵਿੰਦਰ ਸਿੰਘ ਐਸ ਐਮ ਓ ਬੰਗਾ ਜੀ ਦੀ ਰਹਿਨੁਮਾਈ ਹੇਠ ਸਿਵਲ ਹਸਪਤਾਲ ਬੰਗਾ ਵਿਖੇ ਪ੍ਰਧਾਨ ਮੰਤਰੀ ਸੁਰੱਖਿਆ ਮਾਤ੍ਰਿਵ ਅਭਿਆਨ ਮਨਾਇਆ ਗਿਆ ਇਸ ਵਿੱਚ ਡਾ ਜੈਸਮੀਨ ਗੁਲਾਟੀ ਨੇ ਗਰਭਵਤੀ ਔਰਤਾਂ ਦਾ ਚੈੱਕ ਅੱਪ ਕੀਤਾਂ ਖ਼ੂਨ ਦੇ ਟੈਸਟ , ਪਿਸ਼ਾਬ ਦੇ ਟੈਸਟ ,ਫਰੀ ਸਕੈਨਿੰਗ ਅਤੇ ਆਇਰਨ, ਫੋਲਿਕ ਐਸਿਡ ਅਤੇ ਕੈਲਸੀਆ ਦੀ ਕਮੀਂ ਤੋਂ ਗੋਲੀਆਂ ਵੰਡੀਆਂ ਗਈਆਂ।ਹਾਈਰਿਸਕ ਕੇਸਾ ਵੱਲ ਖਾਸ ਧਿਆਨ ਦੇਣ ਦੀ ਜ਼ਰੂਰਤ ਹੈ ਤਾਂ ਕਿ ਮਾਂ ਅਤੇ ਬੱਚਾ ਤੰਦਰੁਸਤ ਰਹੇ । ਇਸ ਮੌਕੇ ਤੇ ਫਰੂਟ ਅਤੇ ਬਿਸਕੁਟ



ਵੀ ਵੰਡੇ ਗਏ। ਇਸ ਵਿੱਚ ਡਿਲਿਵਰੀ ਸਰਕਾਰੀ ਹਸਪਤਾਲ ਵਿੱਚ ਕਰਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਵਿੱਚ ਮੈਡਮ ਹਰਮਿੰਦਰ ਕੌਰ, ਮੈਡਮ ਮਨਜੀਤ ਕੌਰ ਹੈਲਥ ਸੁਪਰਵਾਈਜਰ ਫੀਮੇਲ , ਬਲਵੀਰ ਕੌਰ , ਗੁਰਦੀਪ ਕੌਰ ਏ ਐਨ ਐਮ , ਜਗਜੀਤ ਕੌਰ, ਸ ੀ ਮ ਾ , ਜਸਪ੍ਰੀਤ , ਰਛਪਾਲ ਕੌਰ, ਪੂਜਾ ਅਤੇ ਪਰਮਜੀਤ ਕੌਰ ਆਸ਼ਾ ਵਰਕਰ ਸ਼ਾਮਿਲ ਸਨ।

# ਡਿਪਟੀ ਕਮਿਸ਼ਨਰ ਵੱਲੋਂ ਤਹਿਸੀਲ ਦਫ਼ਤਰ ਨਵਾਂਸ਼ਹਿਰ ਦੀ ਅਚਨਚੇਤ ਚੈਕਿੰਗ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਅੱਜ ਤਹਿਸੀਲ ਦਫ਼ਤਰ ਨਵਾਂਸ਼ਹਿਰ ਦੀ ਅਚਨਚੇਤ ਚੈਕਿੰਗ ਕੀਤੀ। ਇਸ ਦੌਰਾਨ ਉਨ੍ਹਾਂ ਸਬ-ਰਜਿਸਟਰਾਰ ਦਫ਼ਤਰ ਤੇ ਹੋਰਨਾਂ ਵੱਖ-ਵੱਖ ਬ੍ਰਾਂਚਾਂ ਦਾ ਦੌਰਾ ਕਰਕੇ ਕੰਮਕਾਜ ਦਾ ਜਾਇਜ਼ਾ ਲਿਆ। ਉਨ੍ਹਾਂ ਆਦੇਸ਼ ਦਿੱਤੇ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਜਿਸਟਰੀਆਂ ਅਤੇ ਮਾਲ ਮਹਿਕਮੇ ਨਾਲ ਸਬੰਧਤ ਸਾਰੇ ਕੰਮ ਸਾਫ-ਸੁਥਰੇ, ਪਾਰਦਰਸ਼ੀ ਅਤੇ ਸਮਾਂਬੱਧ ਢੰਗ ਨਾਲ ਕਰਨੇ ਯਕੀਨੀ ਬਣਾਏ ਜਾਣ। ਉਨ੍ਹਾਂ ਹਦਾਇਤ ਕੀਤੀ ਕਿ ਕੰਮ ਕਰਵਾਉਣ ਆਏ ਲੋਕਾਂ ਦੇ ਬੈਠਣ ਅਤੇ ਪੀਣ ਵਾਲੇ ਪਾਣੀ ਆਦਿ ਦਾ ਢੁਕਵਾਂ ਪ੍ਰਬੰਧ ਯਕੀਨੀ ਬਣਾਇਆ ਜਾਵੇ ਅਤੇ ਸਫਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਮੁਹੱਈਆ



ਕਰਵਾਈਆਂ ਜਾਣ ਵਾਲੀਆਂ ਸੇਵਾਵਾਂ ਦਾ ਲੋਕਾਂ ਨੂੰ ਬਿਨਾਂ ਕਿਸੇ ਤਰ੍ਹਾਂ ਦੀ ਦੇਰੀ ਅਤੇ ਖੱਜਲ-ਖੁਆਰੀ ਤੋਂ ਲਾਭ ਮਿਲਣਾ ਚਾਹੀਦਾ ਹੈ। ਇਸ ਦੌਰਾਨ ਉਨ੍ਹਾਂ ਦਫਤਰ ਦੇ ਬੁਨਿਆਦੀ ਢਾਂਚੇ ਦੀ ਬਿਹਤਰੀ ਸਬੰਧੀ ਤਹਿਸੀਲਦਾਰ ਅਤੇ ਹੋਰਨਾਂ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ। ਇਸ ਮੌਕੇ ਉਨ੍ਹਾਂ ਕੰਮਕਾਜ਼ ਲਈ ਆਏ ਲੋਕਾਂ ਨਾਲ ਗੱਲਬਾਤ ਵੀ ਕੀਤੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਉਨ੍ਹਾਂ ਨੂੰ ਪਾਰਦਰਸ਼ੀ ਅਤੇ ਸਮਾਂਬੱਧ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਿਸੇ ਨੂੰ ਵੀ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਤਹਿਸੀਲਦਾਰ ਨਵਾਂ ਸ਼ਹਿਰ ਪਰਵੀਨ ਛਿੱਬਰ, ਨਾਇਬ ਤਹਿਸੀਲਦਾਰ ਵਿਜੇ ਕੁਮਾਰ, ਪੀ.ਏ- ਟੂ-ਡੀ-ਸੀ ਜਸਵੀਰ ਸਿੰਘ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

# ਹੁਸਨ.. ਜਵਾਨੀ.. ਮਾਪੇ.. ਮਿਲਦੇ ਨਾ ਦੁਕਾਨਾਂ 'ਤੇ....

## ਵਿਰਾਸਤੀ ਗਾਇਕੀ ਨੂੰ ਪ੍ਰਫੁੱਲਿਤ ਕਰਨ ਦੀ ਲੋੜ_ਸਰਪੰਚ ਵਿਰਕ/ ਭੁਪਿੰਦਰ ਸਿੰਘ /ਨਿਰਮਲ ਸਿੰਘ ਵਿਰਕ/ ਕੁਲਦੀਪ ਸਿੰਘ ਕੀਪਾ

**ਭਲੂਰ-ਮੋਗਾ/ਬੇਅੰਤ ਗਿੱਲ**

ਸੰਗੀਤ ਬਿਨਾਂ ਜ਼ਿੰਦਗੀ ਦੇ ਰੰਗ ਫਿੱਕੇ ਤੇ ਅਧੂਰੇ ਹਨ। ਚੰਗਾ ਗੀਤ ਸੰਗੀਤ ਨਰੋਆ ਸਮਾਜ ਸਿਰਜਦਾ ਹੈ। ਇਹ ਸ਼ਬਦ ਪਿੰਡ ਭਲੂਰ ਦੇ ਸਰਪੰਚ ਅਰਸ਼ਵਿੰਦਰ ਸਿੰਘ ਵਿਰਕ, ਕੋਆਪਰੇਟਿਵ ਸੁਸਾਇਟੀ ਭਲੂਰ ਦੇ ਪ੍ਰਧਾਨ ਭੁਪਿੰਦਰ ਸਿੰਘ ਉਰਫ਼ ਭਿੰਦਾ ਭਾਊ, ਕਿਸਾਨ ਯੂਨੀਅਨ ਲੱਖੋਵਾਲ ਦੇ ਨੁਮਾਇੰਦੇ ਸਰਦਾਰ ਨਿਰਮਲ ਸਿੰਘ ਵਿਰਕ ਅਤੇ 'ਯੰਗ ਸਪੋਰਟਸ ਕਲੱਬ ਭਲੂਰ' ਦੇ ਪ੍ਰਧਾਨ ਸਰਦਾਰ ਕੁਲਦੀਪ ਸਿੰਘ ਕੀਪਾ ਕਬੱਡੀ ਖਿਡਾਰੀ ਨੇ ਇੱਥੇ '35 ਅੱਖਰ ਕੰਪਿਊਟਰ ਕੈਫੇ ਭਲੂਰ' ਦੇ ਵਿਹੜੇ ਵਿਚ ਸਾਂਝੇ ਤੌਰ 'ਤੇ ਕਹੇ। ਉਨ੍ਹਾਂ ਕਿਹਾ ਕਿ ਜਦੋਂ ਸਾਡੇ ਕੰਨਾਂ ਨੂੰ ਚੰਗੀ ਗਾਈਕੀ ਸੁਣਨ ਨੂੰ ਮਿਲਦੀ ਹੈ ਤਾਂ ਰੂਹ ਸਰਸ਼ਾਰ ਹੋ ਜਾਂਦੀ ਹੈ। ਅਜੋਕੇ ਸ਼ੋਰ ਸ਼ਰਾਬੇ ਦੀ ਗਾਇਕੀ ਵਿੱਚ ਚੰਗੀ ਗਾਇਕੀ ਦਾ ਨਿੱਖਰਨਾ ਤੇ ਅੱਗੇ ਆਉਣਾ ਬਹੁਤ ਜ਼ਰੂਰੀ ਹੈ। ਇਹ ਤਾਂ ਹੀ ਸੰਭਵ ਹੋ ਸਕਦਾ



ਜੇਕਰ ਅਸੀਂ ਚੰਗੇ ਕਲਾਕਾਰਾਂ ਨੂੰ ਸਪੋਟ ਕਰਾਂਗੇ। ਅੱਜ ਪੰਜਾਬ ਅੰਦਰ ਸਰਦਾਰ ਨਵਜੋਤ ਸਿੰਘ ਮੰਡੇਰ ਤੇ ਉਨ੍ਹਾਂ ਦੇ ਸਾਥੀ ਵਿਰਾਸਤੀ ਗਾਇਕੀ ਨੂੰ ਅੱਗੇ ਤੋਰ ਰਹੇ ਹਨ। ਅੱਜ ਵਿਰਾਸਤੀ ਗਾਇਕੀ ਨੂੰ ਪ੍ਰਫੁੱਲਿਤ ਕਰਨ ਦੀ ਲੋੜ ਹੈ। ਬੜੀ ਖੂਬਸੂਰਤ ਗੱਲ ਹੈ ਕਿ ਸਰਦਾਰ ਨਵਜੋਤ ਸਿੰਘ ਆਪਣੇ ਸਪੁੱਤਰਾਂ ਸਮੇਤ ਆਪਣੀ ਗਾਇਕੀ ਦੇ ਰੰਗ ਬਿਖੇਰਨ ਲਈ ਮਿਤੀ 2 ਮਾਰਚ 2025 ਦਿਨ ਐਤਵਾਰ ਨੂੰ ਪਿੰਡ ਭਲੂਰ ਵਿਖੇ ਪਹੁੰਚ ਰਹੇ ਹਨ। ਉਹਨਾਂ ਦਾ ਪ੍ਰੋਗਰਾਮ ਬਾਅਦ ਦੁਪਹਿਰ 2 ਵਜੇ



'ਭਾਈ ਗਰੀਬੂ ਦਾਸ ਦੀ ਧਰਮਸ਼ਾਲਾ' ਵਿਖੇ ਹੋਵੇਗਾ। ਇਸ ਉਪਰਾਲੇ ਲਈ ਨੌਜਵਾਨ ਸਾਹਿਤ ਸਭਾ ਭਲੂਰ' ਅਤੇ 35 ਅੱਖਰ ਲੇਖਕ ਮੰਚ ਭਲੂਰ' ਨੂੰ ਮੁਬਾਰਕਬਾਦ। ਨੌਜਵਾਨ ਕਵੀ ਬੇਅੰਤ ਗਿੱਲ ਦਾ ਇਹ ਉਪਰਾਲਾ ਬੇਹੱਦ ਸ਼ਲਾਘਾਯੋਗ ਹੈ। ਸਰਦਾਰ ਨਿਰਮਲ ਸਿੰਘ ਵਿਰਕ, ਪ੍ਰਧਾਨ ਭੁਪਿੰਦਰ ਸਿੰਘ, ਕੁਲਦੀਪ ਸਿੰਘ ਕੀਪਾ ਕਬੱਡੀ ਖਿਡਾਰੀ ਅਤੇ ਸਰਪੰਚ ਅਰਸ਼ਵਿੰਦਰ ਸਿੰਘ ਵਿਰਕ ਨੇ ਕਿਹਾ ਕਿ ਪਿੰਡਾਂ ਅੰਦਰ ਚੰਗੇ ਸਮਾਗਮ ਕਾਰਜਾਂ ਦਾ ਹੋਣਾ ਪਿੰਡਾਂ ਦੀ ਵਿਲੱਖਣਤਾ ਨੂੰ ਹੋਰ ਨਿਖਾਰਦਾ ਹੈ।

# ਬਾਬਾ ਸਾਹਿਬ ਦੇ ਸੁਪਨੇ ਨੂੰ ਜਾਤ-ਪਾਤ ਅਤੇ ਅੰਧ ਵਿਸ਼ਵਾਸਾਂ ਨੂੰ ਖਤਮ ਕਰਕੇ ਪੂਰੇ ਕਰਨ ਦਾ ਸੱਦਾ-ਭਿਖਸ਼ੂਣੀ ਧੰਮਾ ਬਿਨਿਆ

## ਡਾ. ਬੀ. ਆਰ. ਅੰਬੇਡਕਰ ਮੈਮੋਰੀਅਲ ਟਰੱਸਟ (ਰਜਿ) ਵਲੋਂ ਸ਼ਾਨਦਾਰ ਸਵਾਗਤ,ਆਗਰੇ 'ਚ ਵਿਸ਼ਾਲ ਧੰਮ ਕਾਰਵਾਂ 18 ਮਾਰਚ ਨੂੰ







**ਜਲੰਧਰ, (ਪਰਮਜੀਤ ਜੱਸਲ)-** ਦੇਸ਼ ਦੇ ਨੌਜਵਾਨਾਂ ਨੂੰ ਬਾਬਾ ਸਾਹਿਬ ਜੀ ਦਾ ਸੁਪਨਾ ਪੂਰਾ ਕਰਨ ਲਈ ਜਾਤ -ਪਾਤ , ਅੰਧ ਵਿਸ਼ਵਾਸ਼ਾਂ ਅਤੇ ਝੂਠੇ ਰੀਤੀ ਰਿਵਾਜ਼ਾਂ ਨੂੰ ਖਤਮ ਕਰਕੇ , ਇੱਕਮੁੱਠਤਾ ਨਾਲ ਪੂਰਾ ਕਰਨ ਲਈ ਸੱਦਾ ਦਿੱਤਾ। ਬਾਬਾ ਸਾਹਿਬ ਦੇਸ਼ ਨੂੰ ਬੁੱਧਮਈ ਦੇਸ਼ ਬਣਾਉਣਾ ਚਾਹੁੰਦੇ ਸਨ। ਇਹ ਵਿਚਾਰ ਭਿਖਸ਼ੂਣੀ ਧੰਮਾ ਬਿਨਿਆ ਜੀ ਨੇ ਬੁੱਧ ਵਿਹਾਰ, ਸਿਧਾਰਥ ਨਗਰ ,ਜਲੰਧਰ ਵਿਖੇ ਦਿੱਤੇ। ਉਹਨਾਂ ਕਿਹਾ ਕਿ18 ਮਾਰਚ 1956 ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ ਆਗਰੇ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਪੜ੍ਹੇ-ਲਿਖੇ ਵਰਗ 'ਤੇ ਗਿੱਲਾ ਜ਼ਾਹਿਰ ਕੀਤਾ ਸੀ। ਉਹਨਾਂ ਦੁਖੀ ਮਨ ਨਾਲ ਕਿਹਾ ਸੀ ਕਿ "ਮੈਂ ਕਾਰਵਾਂ ਬੜੇ ਦੁੱਖਾਂ ਤਕਲੀਫਾਂ ਨਾਲ ਇੱਥੇ ਤੱਕ ਲੈ ਕੇ ਆਇਆ ਹਾਂ, ਮੇਰੇ ਪੈਰੋਕਾਰ ਜੇਕਰ ਇਸ ਕਾਰਵਾਂ ਨੂੰ ਅੱਗੇ ਨਹੀਂ ਵਧਾ ਸਕਦੇ ਤਾਂ ਇਥੇ ਹੀ ਰਹਿਣ ਦੇਣਾ, ਪਿੱਛੇ ਨਾ ਜਾਣ ਦੇਣ।" ਇਸ ਗੱਲ ਦੀ ਪੂਰਤੀ ਲਈ ਧੈਮ ਭੂਮੀ ਆਗਰਾ ਵਿਖੇ 18 ਮਾਰਚ 2025 ਨੂੰ ਭੰਤੇ ਡਾ. ਕਰੁਣਾਸ਼ੀਲ ਰਾਹੁਲ ਦੀ ਅਗਵਾਈ ਵਿੱਚ " ਵਿਸ਼ਾਲ ਧੰਮ ਕਾਰਵਾਂ " ਜੀ. ਆਈ. ਸੀ. ਮੈਦਾਨ ਪੰਚਕੋਈਯਾ, ਆਗਰਾ (ਯੂਪੀ) ਵਿਖੇ , ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗਾ, ਜੋ ਬੁੱਧ ਧੰਮ ਦਾ ਪ੍ਰਚਾਰ ਤੇ ਪ੍ਰਸਾਰ ਕਰੇਗਾ। ਇਹ ਧੰਮ ਕਾਰਵਾਂ ਪਹਿਲੇ ਚਰਨ ਵਿੱਚ ਉੱਤਰ ਪ੍ਰਦੇਸ਼ ਦੇ ਕੋਨੇ -ਕੋਨੇ ਤੋਂ ਹੁੰਦਾ ਹੋਇਆ 18 ਮਈ 2025 ਨੂੰ ਅਲੀਗੜ੍ਹ ਵਿਖੇ ਸਮਾਪਤ ਹੋਵੇਗਾ। ਉਹਨਾਂ ਕਿਹਾ ਕਿ 50,000 ਕਿਤਾਬਾਂ 'ਬੁੱਧ ਧੰਮ ਤੇ ਉਹਨਾਂ ਦੇ ਰੀਤੀ -ਰਿਵਾਜ਼ ' ਮੁਫ਼ਤ ਵੰਡੀਆਂ ਜਾਣਗੀਆਂ ।

ਬੁੱਧ ਵਿਹਾਰ , ਸਿਧਾਰਥ ਨਗਰ ਜਲੰਧਰ ਵਿੱਚ ਭਿਖਸ਼ੂਣੀ ਧੰਮਾ ਬਿਨਿਆ ਦਾ ਪਹੁੰਚਣ 'ਤੇ ਡਾ. ਬੀ. ਆਰ .ਅੰਬੇਡਕਰ ਮੈਮੋਰੀਅਲ ਟਰੱਸਟ (ਰਜਿ) ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਉਹਨਾਂ ਦੇ ਨਾਲ ਪ੍ਰੀਆ ਅੰਬੇਡਕਰ ਵੀ ਸਨ, ਜਿਸ ਨੇ ਭਾਰਤ ਦੀ ਸਭ ਤੋਂ ਉੱਚੀ ਚੋਟੀ ਨੂੰ ਸਰ ਕੀਤਾ ਸੀ। ਪੰਚਸ਼ੀਲ ਤੇ ਤ੍ਰੀਸ਼ਰਨ ਨਾਲ ਸਾਦੇ ਸਮਾਗਮ ਦੀ ਸ਼ੁਰੂਆਤ ਕੀਤੀ ਗਈ। ਹੁਸਨ ਲਾਲ ਬੌਧ ਅਤੇ ਚੰਚਲ ਬੌਧ ਵਲੋਂ ਭਿਖਸ਼ੂਣੀ ਧੰਮਾ ਬਿਨਿਆ ਲਈ ਸਵਾਗਤੀ ਸ਼ਬਦ ਪੇਸ਼ ਕੀਤੇ ਗਏ।

ਬੁੱਧ ਵਿਹਾਰ ,ਸਿਧਾਰਥ ਨਗਰ ਦੇ ਪ੍ਰਬੰਧਕਾਂ ਅਤੇ ਟਰੱਸਟ ਵੱਲੋਂ ਮਾਣਯੋਗ ਭਿਖਸ਼ੂਣੀ ਧੰਮਾ ਬਿਨਿਆ ਅਤੇ ਪ੍ਰੀਆ ਅੰਬੇਡਕਰ ਜੀ ਦਾ ਸਨਮਾਨ ਕੀਤਾ ਗਿਆ। ਇਸ ਸਾਦੇ ਸਮਾਗਮ ਵਿੱਚ ਹੁਸਨ ਲਾਲ ਬੌਧ, ਚੰਚਲ ਬੌਧ, ਚਮਨ ਸਾਂਪਲਾ,ਸੁਖਦੇਵ ਬੌਧ, ਪ੍ਰੋਫੈਸਰ ਮੇਜਰ ਸਿੰਘ ਹੁਸ਼ਿਆਰਪੁਰ, ਮਨਦੀਪ ਧੰਨੋਵਾਲੀ, ਮੁੰਨਾ ਲਾਲ ਬੌਧ, ਦਵਿੰਦਰ ਗੋਗਾ ਕੌਂਸਲਰ ਬਸਪਾ, ਸਤਵਿੰਦਰ ਮਦਾਰ, ਭਗਤ ਗੌਤਮ ਬੈਂਕ ਕਾਲੋਨੀ , ਡਿੰਪਲ ਬੌਧ, ਨਰਿੰਦਰ ਬੌਧ ਆਦਿ ਭਾਰੀ ਗਿਣਤੀ ਵਿੱਚ ਹਾਜ਼ਰ ਸਨ।

# ਪਿੰਡ ਭੌਰ ਵਿਖੇ ਸਲਾਨਾ ਦੋ ਰੋਜ਼ਾ ਛਿੰਝ ਮੇਲਾ ਸ਼ਾਨੋ ਸ਼ੌਕਤ ਨਾਲ ਸੰਪੰਨ

**ਕਪੂਰਥਲਾ (ਕੌੜਾ)-** ਧੰਨ ਧੰਨ ਬਾਬਾ ਲੱਖ ਦਾਤਾ ਜੀ ਦੀ ਯਾਦ ਨੂੰ ਸਮਰਪਿਤ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ, ਐਨਆਰਆਈ ਵੀਰਾਂ ਅਤੇ ਸਮੂਹ ਗ੍ਰਾਮ ਪੰਚਾਇਤ ਪਿੰਡ ਭੌਰ ਵੱਲੋਂ ਆਯੋਜਿਤ ਕਰਵਾਏ ਗਏ ਸਲਾਨਾ ਦੋ ਰੋਜ਼ਾ ਛਿੰਝ ਮੇਲਾ ਦੌਰਾਨ ਪਟਕੇ ਦੀ ਕੁਸ਼ਤੀ ਦਾ ਮੁਕਾਬਲਾ ਲਵਪ੍ਰੀਤ ਖੰਨਾ ਨੇ ਪੱਪੀ ਕਾਂਗੜਾ ਨੂੰ ਹਰਾ ਕੇ ਜਿੱਤਿਆ । ਸਲਾਨਾ ਛਿੰਝ ਮੇਲੇ ਦੌਰਾਨ 10 ਅਖਾੜਿਆਂ ਦੇ 100 ਤੋਂ ਵੱਧ ਪਹਿਲਵਾਨਾਂ ਨੇ ਹਿੱਸਾ ਲਿਆ ਅਤੇ ਆਪਣੀ ਕੁਸ਼ਤੀ ਦੇ ਜੌਹਰ ਦਿਖਾਏ । ਉਕਤ ਕੁਸ਼ਤੀ ਮੁਕਾਬਲੇ ਅੰਦਰ ਲੜਕੀਆਂ ਦੀਆਂ ਕੁਸ਼ਤੀਆਂ ਦੇ ਮੁਕਾਬਲਿਆਂ ਵਿੱਚ ਨਵਪ੍ਰੀਤ ਕਾਂਜਲੀ, ਪਲਵੀ ਵਰਿਆਣਾ, ਕੰਨਵ ਨੱਥੂਚਾਹਲ ਅਤੇ ਸੁਖਦੀਪ ਵਰਿਆਣਾ ਨੇ ਆਪਣੀ ਪਹਿਲਵਾਨੀ ਕੁਸ਼ਲਤਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਕਤ ਸਲਾਨਾ ਛਿੰਝ ਮੇਲੇ ਦੌਰਾਨ



**ਪਿੰਡ ਭੌਰ ਵਿਖੇ ਆਯੋਜਿਤ ਸਲਾਨਾ ਛਿੰਝ ਮੇਲੇ ਦੌਰਾਨ ਪਟਕੇ ਦੀ ਕੁਸ਼ਤੀ ਵਿੱਚ ਜੇਤੂ ਪਹਿਲਵਾਨਾਂ ਨੂੰ ਸਨਮਾਨਿਤ ਕਰਦੇ ਹੋਏ ਸੰਤ ਬਾਬਾ ਸੁਰਜੀਤ ਸਿੰਘ ਸ਼ੈਂਟੀ ਸੀਚੇਵਾਲ, ਸਰਪੰਚ ਅਵਤਾਰ ਸਿੰਘ ਭੌਰ,ਸਾਬਕਾ ਸਰਪੰਚ ਸਰਵਣ ਸਿੰਘ ਨਾਹਲ, ਸਾਬਕਾ ਸਰਪੰਚ ਜਸਬੀਰ ਸਿੰਘ ਅਤੇ ਸਮੂਹ ਪ੍ਰਬੰਧਕ ਕਮੇਟੀ ਆਗੂ।**

ਪ੍ਰਬੰਧਕਾਂ ਵੱਲੋਂ ਲੜਕੀਆਂ ਦਾ ਕਬੱਡੀ ਸ਼ੋ ਮੈਚ ਕਰਵਾਇਆ ਗਿਆ ਜਿਸ ਵਿੱਚ ਕੇ ਸੀ ਸਪੋਰਟਸ ਕਲੱਬ ਨਕੋਦਰ ਅਤੇ ਮਾਈ ਭਾਗੋ ਕਲੱਬ ਜਗਤਪੁਰ ਦੀਆਂ ਮੁਟਿਆਰਾਂ ਨੇ ਉਤਸਾਹ ਨਾਲ ਹਿੱਸਾ ਲਿਆ। ਇਸ ਮੌਕੇ ਸਰਪੰਚ ਅਵਤਾਰ ਸਿੰਘ ਭੌਰ, ਸਾਬਕਾ ਸਰਪੰਚ ਪ੍ਰਿਤਪਾਲ ਸਿੰਘ ਨਾਹਲ, ਸਾਬਕਾ ਸਰਪੰਚ ਜਸਵੀਰ ਸਿੰਘ ਭੌਰ ਅਤੇ ਸਾਬਕਾ ਸਰਪੰਚ ਸਰਵਣ ਸਿੰਘ ਨਾਹਲ , ਸ਼ਿੰਗਾਰਾ ਸਿੰਘ ਕਾਨੂੰਗੋ, ਬਲਕਾਰ ਸਿੰਘ ਬੱਗਾ, ਜੱਥੇਦਾਰ ਜੋਗਿੰਦਰ ਸਿੰਘ ਭੁੱਟੋ, ਮੈਂਬਰ ਫ਼ਕੀਰ ਮੁਹੰਮਦ,ਰੇਸ਼ਮ ਸਿੰਘ ਫ਼ੌਜੀ, ਸੂਬੇਦਾਰ ਮਲਕੀਅਤ ਸਿੰਘ , ਗੁਰਬਿੰਦਰ ਸਿੰਘ, ਨੰਬਰਦਾਰ ਮੇਜਰ ਸਿੰਘ, ਹਰਜਾਪ ਸਿੰਘ, ਇੰਦਰਜੀਤ ਸਿੰਘ, ਸਾਬੀ ਝੀਤਾ, ਨਾਨਕ ਸਿੰਘ, ਮੰਗਲ ਸਿੰਘ ਜੇ ਈ , ਰਾਮਾ, ਬਿੰਦਰ ਸਿੰਘ, ਕੈਪਟਨ ਮਨਜੀਤ ਸਿੰਘ, ਗੁਰਮੇਜ ਸਿੰਘ, ਮੋਹਨ ਸਿੰਘ, ਸੁਰਜੀਤ ਸਿੰਘ ਬਰਨਾਲਾ, ਸ਼ਿੰਗਾਰਾ ਸਿੰਘ ਪਹਿਲਵਾਨ, ਹਰਬਿੰਦਰ ਸਿੰਘ, ਨਿਰਮਲ ਸਿੰਘ, ਅਵਤਾਰ ਸਿੰਘ ਯੂ ਕੇ, ਸਤਨਾਮ ਸਿੰਘ ਸਾਤੀ , ਤੇਜਵਿੰਦਰ ਸਿੰਘ ਯੂ ਐਸ ਏ, ਅਵਤਾਰ ਸਿੰਘ ਤਾਰੀ , ਸੁਖਵਿੰਦਰ ਸਿੰਘ , ਬਲਵੀਰ ਸਿੰਘ ਠੇਕੇਦਾਰ, ਹਰਮੇਲ ਸਿੰਘ ਢਾਡੀ , ਬਲਜਿੰਦਰ ਸਿੰਘ, ਮਨਜੀਤ ਸਿੰਘ, ਮੇਜਰ ਸਿੰਘ, ਸੁਖਵਿੰਦਰ ਸਿੰਘ, ਪੰਚ ਹੈਪੀ ਭੌਰ ਆਦਿ ਦੀ ਦੇਖ ਰੇਖ ਹੇਠ ਆਯੋਜਿਤ ਕੀਤੇ ਗਏ ਉਕਤ ਸਲਾਨਾ ਛਿੰਝ ਮੇਲੇ ਦੌਰਾਨ ਜੇਤੂ ਅਤੇ ਉਪ ਜੇਤੂ ਪਹਿਲਵਾਨਾਂ ਨੂੰ ਸਨਮਾਨਿਤ ਕਰਨ ਲਈ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਤੋਂ ਸੰਤ ਬਾਬਾ ਸੁਰਜੀਤ ਸਿੰਘ ਸ਼ੈਂਟੀ ਜੀ ਵਿਸ਼ੇਸ਼ ਤੌਰ 'ਤੇ ਪਹੁੰਚੇ । ਛਿੰਝ ਮੇਲਾ ਅਤੇ ਕਬੱਡੀ ਟੂਰਨਾਮੈਂਟ ਦੌਰਾਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਸਮੇਂ ਮੇਲੇ ਦਾ ਦੋ ਰੋਜ਼ਾ ਲਾਈਵ ਟੈਲੀਕਾਸਟ ਵੀ ਕੀਤਾ ਗਿਆ।

# ਮਨਰੇਗਾ ਮੁਲਾਜ਼ਮਾਂ ਅਤੇ ਮਜ਼ਦੂਰਾਂ ਦੀਆਂ ਉੱਜਰਤਾਂ ਤੁਰੰਤ ਅਦਾ ਕੀਤੀਆਂ ਜਾਣ - ਬਲਦੇਵ ਭਾਰਤੀ



**ਨਵਾਂਸ਼ਹਿਰ/ਰਾਹੋਂ (ਸਤਨਾਮ ਸਿੰਘ ਸਹੂੰਗੜਾ)** ਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਐੱਨ ਐੱਲ ਓ) ਦੇ ਕਨਵੀਨਰ ਬਲਦੇਵ ਭਾਰਤੀ ਨੇ ਮਨਰੇਗਾ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਅਤੇ ਮਜ਼ਦੂਰਾਂ ਦੀਆਂ ਉੱਜਰਤਾਂ ਪਿਛਲੇ ਕਰੀਬ 2 ਮਹੀਨੇ ਤੋਂ ਅਦਾ ਨਾ ਕੀਤੇ ਜਾਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਮਨਰੇਗਾ ਮਜ਼ਦੂਰਾਂ ਦੇ ਮੰਦੇ ਹਾਲਾਤਾਂ ਦੀ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰ ਦਾ ਮਨਰੇਗਾ ਪ੍ਰਤੀ ਵਤੀਰਾ ਬਹੁਤ ਰੁੱਖਾ ਹੈ ਅਤੇ ਉਹ ਆਨੇ ਬਹਾਨੇ ਮਨਰੇਗਾ ਨੂੰ ਢਾਅ ਲਾਉਣ ਦੀ ਕੋਈ ਕਸਰ ਨਹੀਂ ਛੱਡ ਰਹੀਆਂ। ਉਨ੍ਹਾਂ ਪੁਰਜ਼ੋਰ ਮੰਗ ਕੀਤੀ ਕਿ ਮਨਰੇਗਾ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਅਤੇ ਮਜ਼ਦੂਰਾਂ ਦੀਆਂ ਉੱਜਰਤਾਂ ਤੁਰੰਤ ਅਦਾ ਕੀਤੀਆਂ ਜਾਣ।

for more news visit:
www.samajweekly.c

# ਲੇਖਕ ਕੁਲਵੰਤ ਸਿੰਘ ਖ਼ੈਰਾਬਾਦੀ ਨਿਊਜ਼ੀਲੈਂਡ ਦੀ ਪੁਸਤਕ 'ਰੁੱਖ ਤੇ ਮਨੁੱਖ' ਇੰਟਰਨੈਂਟ ਉੱਤੇ ਲੋਕ-ਅਰਪਣ

**ਸਰੀ /ਵਿਨਕੂਵਰ (ਕੁਲਦੀਪ ਚੁੰਬਰ)–** ਨਿਊਜ਼ੀਲੈਂਡ ਨਿਵਾਸੀ ਪੰਜਾਬੀ ਕਹਾਣੀਕਾਰ ਲੇਖਕ ਕੁਲਵੰਤ ਸਿੰਘ ਖੈਰਾਬਾਦੀ ਦੀ ਪੁਸਤਕ "ਰੁੱਖ ਤੇ ਮਨੁੱਖ" ਇੰਟਰਨੈੱਟ ਉੱਤੇ ਲੋਕ-ਅਰਪਣ ਕੀਤੀ ਗਈ। ਜਿਸ ਨੂੰ ਕਾਜਲ ਪਬਲਿਸ਼ਰਜ਼ ਵਲੋਂ ਤਿਆਰ ਕਰਕੇ ਪ੍ਰਕਾਸ਼ਿਤ ਕੀਤਾ ਗਿਆ ਹੈ। ਵਿਦੇਸ਼ ਵਸਦੇ ਪੰਜਾਬੀ ਭਾਈਚਾਰੇ ਤੇ ਪੰਜਾਬ ਦੇ ਦੁੱਖ-ਸੁੱਖ ਫਰੋਲਦੀਆਂ ਇਸ ਪੁਸਤਕ ਵਿੱਚ ਪੰਜ ਕਹਾਣੀਆਂ ਹਨ। ਲੇਖਕ ਦੀ ਇੰਟਰਨੈੱਟ ਉੱਤੇ ਇਹ ਦੂਜੀ ਕਹਾਣੀਆਂ ਦੀ ਪੁਸਤਕ ਹੈ। ਜ਼ਿਕਰਯੋਗ ਹੈ ਉਨ੍ਹਾਂ ਦੀ ਪਹਿਲੀ ਪੁਸਤਕ ਨੂੰ ਪੰਜਾਬੀ ਮਾਂ ਬੋਲੀ ਦੀਆਂ ਕਈ ਮਾਣਯੋਗ ਸਖ਼ਸ਼ੀਅਤਾਂ ਵਲੋਂ ਭਰਪੂਰ ਪਿਆਰ ਮਿਲਿਆ ਸੀ।

ਇਸ ਦੂਸਰੀ ਪੁਸਤਕ ਅੰਦਰ ਪਰਮਵੀਰ ਸਿੰਘ ਬਾਠ ਪ੍ਰਾਈਮ ਏਸ਼ੀਆ ਟੀਵੀ, ਪ੍ਰਸਿੱਧ ਗਾਇਕ ਸੁਰਿੰਦਰ ਲਾਡੀ, ਕਲਮਕਾਰ ਰਾਣਾ ਭੋਗਪੁਰੀਆ ਤੇ ਅਵਤਾਰ ਤਰਕਸ਼ੀਲ ਨਿਊਜ਼ੀਲੈਂਡ ਨੇ ਲੇਖਕ ਦੀ ਕਲਮ ਬਾਰੇ ਆਪਣੇ ਵਿਚਾਰ ਲਿਖੇ। ਪੰਜਾਬੀ ਸਾਹਿਤ ਜਗਤ ਵਿੱਚ ਲੇਖਕ ਦੀ ਇਸ ਦੂਜੀ ਪੁਸਤਕ ਨੂੰ ਨਿਊਜ਼ੀਲੈਂਡ ਦੇ ਮਸ਼ਹੂਰ 'ਰੇਡੀਓ ਸਪਾਈਸ' ਦੇ ਦਫ਼ਤਰ ਵਿਖੇ ਜੀ ਆਇਆਂ ਆਖਦਿਆਂ ਲੋਕ-ਅਰਪਣ ਕਰਨ ਦੀ ਰਸਮ ਕੀਤੀ ਗਈ। ਇਸ ਪੁਸਤਕ ਨੂੰ ਪਾਠਕਾਂ ਵਲੋਂ ਇੰਟਰਨੈੱਟ ਉੱਤੇ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਹੁਣ ਤੱਕ ਇਸ ਪੁਸਤਕ ਨੂੰ ਅਨੇਕਾਂ ਪਾਠਕਾਂ ਵਲੋਂ ਪੜ੍ਹਿਆ ਜਾ ਚੁੱਕਾ ਹੈ। ਇਸ ਪੁਸਤਕ ਨੂੰ ਗੂਗਲ ਉੱਤੇ ਅੰਗ੍ਰੇਜ਼ੀ ਦੇ ਅੱਖਰਾਂ ਵਿੱਚ ਰਾਈਟਰ ਕੁਲਵੰਤ ਸਿੰਘ ਬਲਾਗ ਸਰਚ ਕਰਕੇ ਬੜੀ ਹੀ ਅਸਾਨੀ ਨਾਲ ਪੜ੍ਹਿਆ ਜਾ ਸਕਦਾ ਹੈ ਜਿਸਦੀ ਕੋਈ ਫੀਸ ਨਹੀਂ ਹੈ। ਪੁਸਤਕ ਦੇ ਲੋਕ ਅਰਪਣ ਤੇ ਲੇਖਕ ਨੂੰ ਪੰਜਾਬੀ ਮਾਂ ਬੋਲੀ ਦੀਆਂ ਅਨੇਕਾਂ ਨਾਮਵਰ ਕਲਮਾਂ ਅਤੇ ਪਾਠਕਾਂ ਵਲੋਂ ਮੁਬਾਰਕਬ-ਾਦ ਦਿੱਤੀ ਗਈ।




# ਪੀ.ਟੀ.ਆਈ ਅਮਨਦੀਪ ਸਿੰਘ ਵਲਣੀ ਵੱਲੋਂ ਅੰਮ੍ਰਿਤਸਰ ਵਿਖੇ ਕਰਵਾਈ ਬਾਰਡਰ ਮੈਨ ਮੈਰਾਥਨ ਵਿੱਚ ਮੈਡਲ ਜਿੱਤਿਆ

**ਕਪੂਰਥਲਾ ( ਕੌੜਾ )**– ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੰਡਾਲ ਬੇਟ ਦੇ ਪੀ ਟੀ ਆਈ ਅਮਨਦੀਪ ਸਿੰਘ ਵਲਣੀ ਨੇ ਬੀ ਐਸ ਐਫ ਵੱਲੋਂ ਅਮ੍ਰਿੰਤਸਰ ਵਿਖੇ ਕਰਵਾਈ ਗਈ ਬਾਰਡਰ ਮੈਨ ਮੈਰਾਥਨ ਦੌੜ ਵਿੱਚ ਸਿੱਖਿਆ ਵਿਭਾਗ ਦੀ ਪ੍ਰਤੀਨਿਧਤਾ ਕਰਦਿਆਂ ਮੈਡਲ ਪ੍ਰਾਪਤ ਕਰਕੇ ਸਕੂਲ ਅਤੇ ਜ਼ਿਲੇ ਦਾ ਨਾਂ ਉੱਚਾ ਕੀਤਾ।42 ਕਿਲੋਮੀਟਰ ਲੰਮੀ ਮੈਰਾਥਨ ਵਿੱਚ ਦੇਸ਼ ਦੇ ਉੱਚ ਕੋਟੀ ਦੇ ਐਥਲੀਟਾਂ ਨੇ ਭਾਗ ਲਿਆ।ਪੀ ਟੀ ਆਈ ਅਮਨਦੀਪ ਸਿੰਘ ਵਲਣੀ ਦੀ ਇਸ ਜਿੱਤ ਉੱਪਰ ਪ੍ਰਿੰਸੀਪਲ ਵੀਨਾ, ਸਕੂਲ ਇੰਚਾਰਜ ਕਮਲਜੀਤ ਕੌਰ ਅਤੇ ਸਮੂਹ ਸਟਾਫ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਇਸੇ ਤਰ੍ਹਾਂ ਪਿੰਡ ਭੰਡਾਲ ਬੇਟ ਦੇ ਸਰਪੰਚ ਚਰਨਜੀਤ ਸਿੰਘ ਚੰਨਾ, ਪੰਚਾਇਤ ਮੈਂਬਰਾਂ ਅਤੇ ਇਲਾਕੇ ਦੇ ਖਿਡਾਰੀਆਂ ਨੇ ਪੀ ਟੀ ਆਈ ਅਮਨਦੀਪ ਸਿੰਘ ਵਲਣੀ ਨੂੰ ਵਧਾਈ ਦਿੰਦਿਆਂ ਆਸ ਕੀਤੀ ਕਿ ਸਕੂਲ ਦੇ ਵਿਦਿਆਰਥੀ ਵੀ ਉਨ੍ਹਾਂ ਤੋਂ ਪ੍ਰੇਰਿਤ ਹੋ ਕੇ ਖੇਡਾਂ ਵਿੱਚ ਮੱਲਾਂ ਮਾਰਨਗੇ।ਇਸ ਮੌਕੇ ਪੀ ਟੀ ਆਈ ਅਮਨਦੀਪ ਸਿੰਘ ਵਲਣੀ ਨੇ ਕਿਹਾ ਕਿ ਜੇ ਮਨ ਵਿੱਚ ਦ੍ਰਿੜ ਨਿਸ਼ਚਾ ਹੋਏ ਤਾਂ ਉਮਰ ਵੀ ਤੁਹਾਡੀ ਮਿਹਨਤ ਵਿੱਚ ਰੁਕਾਵਟ ਨਹੀਂ ਬਣਦੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਸਖ਼ਤ ਮਿਹਨਤ ਅਤੇ ਲਗਨ ਨਾਲ ਅਸੀਂ ਆਪਣੇ ਟੀਚੇ ਨੂੰ ਸਰ ਕਰ ਸਕਦੇ ਹਾਂ।



**ਮੈਰਾਥਨ ਦੌੜ ਜਿੱਤਣ ਤੇ ਪੀ ਟੀ ਆਈ ਅਮਨਦੀਪ ਸਿੰਘ ਵਲਣੀ ਨੂੰ ਸਨਮਾਨਿਤ ਕਰਦੇ ਹੋਏ ਬੀ ਐਸ ਐਫ ਦੇ ਅਧਿਕਾਰੀ**

# ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਯੈਲੋ ਡੇ ਮਨਾਇਆ



**ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਆਯੋਜਿਤ ਸਮਾਗਮ ਵਿਚ ਹਿੱਸਾ ਲੈਂਦੇ ਵਿਦਿਆਰਥੀ ।**

**ਕਪੂਰਥਲਾ ( ਕੌੜਾ )–** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਦੀ ਅਗਵਾਈ ਵਿੱਚ ਕੇ .ਜੀ ਵਿੰਗ ਦੇ ਬੱਚਿਆਂ ਨੇ ਯੈਲੋ ਡੇ ਬਹੁਤ ਹੀ ਉਤਸਾਹ ਨਾਲ ਮਨਾਇਆ । ਬੱਚਿਆਂ ਨੇ ਸੂਰਜ ਦੀ ਪੀਲੀ ਰੋਸ਼ਨੀ ਵਿੱਚ, ਪੀਲੇ ਪਹਿਰਾਵੇ 'ਚ ਪੀਲੇ ਭੋਜਨ ਦਾ ਆਨੰਦ ਮਾਣਿਆ । ਇਸ ਦੌਰਾਨ ਵਿਦਿਆਰਥੀਆਂ ਕਈ ਗਤੀਵਿਧੀਆਂ ਵਿੱਚ ਹਿੱਸਾ ਲਿਆ । ਵਿਦਿਆਰਥੀਆਂ ਪਤੰਗ ਬਣਾਉਣ ਦੀ ਗਤੀਵਿਧੀ ਵਿੱਚ ਵੀ ਹਿੱਸਾ ਲਿਆ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸਾਸ਼ਕ ਇੰਜੀਨੀਅਰ ਨਿਮ-ਰਤਾ ਕੌਰ ਨੇ ਵਿਦਿਆਰਥੀਆਂ ਨੂੰ ਬਸੰਤ ਪੰਚਮੀ ਅਤੇ ਯੈਲੋ ਡੇ ਦੀ ਵਧਾਈ ਦਿੱਤੀ ।

# 2015 ਬੈਚ ਦੇ ਆਈ.ਪੀ.ਐਸ. ਅਧਿਕਾਰੀ ਸੰਦੀਪ ਕੁਮਾਰ ਮਲਿਕ ਨੇ ਐਸ.ਐਸ.ਪੀ. ਵਜੋਂ ਅਹੁਦਾ ਸੰਭਾਲਿਆ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** 2015 ਬੈਚ ਦੇ ਆਈ.ਪੀ.ਐਸ. ਅਧਿਕਾਰੀ ਸੰਦੀਪ ਕੁਮਾਰ ਮਲਿਕ ਨੇ ਅੱਜ ਇਥੇ ਬਤੌਰ ਐਸ.ਐਸ.ਪੀ. ਅਹੁਦਾ ਸੰਭਾਲਦਿਆਂ ਕਿਹਾ ਕਿ ਨਸ਼ਿਆਂ ਦਾ ਮੁਕੰਮਲ ਸਫ਼ਾਇਆ, ਹਰ ਤਰ੍ਹਾਂ ਦੇ ਜ਼ੁਰਮਾਂ ਦੀ ਰੋਕਥਾਮ, ਗੈਂਗਸਟਰਾਂ ਵਿਰੁੱਧ ਬਣਦੀ ਕਾਰਵਾਈ ਅਤੇ ਫਿਰੌਤੀਆਂ ਦੇ ਮਾਮਲੇ ’ਚ ਸਖਤ ਐਕਸ਼ਨ ਉਨ੍ਹਾਂ ਦੀ ਮੁੱਖ ਤਰਜ਼ੀਹ ਰਹੇਗੀ। ਅਹੁਦਾ ਸੰਭਾਲਣ ਉਪਰੰਤ ਗੱਲਬਾਤ ਕਰਦਿਆਂ ਆਈ.ਪੀ.ਐਸ. ਸੰਦੀਪ ਕੁਮਾਰ ਮਲਿਕ ਨੇ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਹਰ ਪੱਖੋਂ ਸੁਰੱਖਿਅਤ ਬਣਾਉਣ ਲਈ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਪੁਲਿਸਿੰਗ ਲਈ ਲੋਕਾਂ ਦਾ ਸਹਿਯੋਗ ਅਤਿ ਅਹਿਮ ਹੈ ਜਿਸ ਨਾਲ ਜ਼ੁਰਮਾਂ ਦੀ ਅਸਰਦਾਰ ਢੰਗ ਨਾਲ ਰੋਕਥਾਮ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਵਲੋਂ ਦਿੱਤੀ ਗਈ ਹਰੇਕ ਜਾਣਕਾਰੀ ਨੂੰ ਪੂਰੀ ਤਰ੍ਹਾਂ ਗੁਪਤ ਰੱਖਦਿਆਂ ਇਨ੍ਹਾਂ ਮਾਮਲਿਆਂ ਵਿਚ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕ ਮਸਲਿਆਂ ਅਤੇ ਸਮਾਜਿਕ ਸਰੋਕਾਰਾਂ ਦੇ ਮਾਮਲਿਆਂ ਲਈ ਸਬੰਧਤ ਧਿਰਾਂ ਨਾਲ ਸਮੇਂ-ਸਮੇਂ ’ਤੇ ਗੱਲਬਾਤ ਕਰਕੇ ਢੁਕਵੇਂ ਹੱਲ ਯਕੀਨੀ ਬਣਾਏ ਜਾਣਗੇ ਅਤੇ ਸ਼ਹਿਰ ਅੰਦਰ ਟਰੈਫਿਕ, ਨਾਜਾਇਜ਼ ਕਬਜ਼ੇ ਆਦਿ ਮੁੱਦਿਆਂ ’ਤੇ ਸਾਰੇ ਭਾਈਵਾਲਾਂ ਨਾਲ ਵਿਚਾਰ ਉਪਰੰਤ ਲੋੜੀਂਦੇ ਫੈਸਲੇ ਲਏ ਜਾਣਗੇ। ਜ਼ੁਰਮਾਂ ਦੀ ਰੋਕਥਾਮ ਬਾਰੇ ਗੱਲ ਕਰਦਿਆਂ ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀ.ਜੀ.ਪੀ. ਗੌਰਵ ਯਾਦਵ ਦੇ ਨਿਰਦੇਸ਼ਾਂ ਅਨੁਸਾਰ ਕਿਸੇ ਵੀ ਤਰ੍ਹਾਂ ਦੇ ਜ਼ੁਰਮ ਵਿਰੁੱਧ ਫੌਰੀ ਸਖਤ ਕਾਰਵਾਈ ਕੀਤੀ ਜਾਵੇਗੀ ਅਤੇ ਕਿਸੇ ਨਾਲ ਕੋਈ ਲਿਹਾਜ਼ ਨਹੀਂ ਵਰਤਿਆ ਜਾਵੇਗਾ। ਉਨ੍ਹਾਂ ਕਿਹਾ ਕਿ ਨਸ਼ਾ ਸਮੱਗਲਰਾਂ ਅਤੇ ਸੰਗਠਤ ਜ਼ੁਰਮਾਂ ਵਿਚ ਸ਼ਾਮਲ ਅਨਸਰਾਂ ਖਿਲਾਫ਼ ਪੂਰੀ ਸਖਤੀ ਵਰਤੀ ਜਾਵੇਗੀ ਤਾਂ ਜੋ ਕਾਨੂੰਨੀ ਕਾਰਵਾਈ ਕਰਦਿਆਂ ਇਨ੍ਹਾਂ ਨੂੰ ਬਣਦੀਆ ਸਜ਼ਾਵਾਂ ਦੁਆਈਆ ਜਾ ਸਕਣ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਤਰ੍ਹਾਂ ਦੀ ਖ਼ੁਫ਼ੀਆ ਜਾਣਕਾਰੀ ਦੇਣ ਵਾਲਿਆਂ ਦੇ ਵੇਰਵੇ ਪੂਰੀ ਤਰ੍ਹਾਂ ਗੁਪਤ ਅਤੇ ਸੁਰੱਖਿਅਤ ਰੱਖੇ ਜਾਣਗੇ। ਅਹੁਦਾ ਸੰਭਾਲਣ ਉਪਰੰਤ ਐਸ.ਐਸ.ਪੀ. ਨੇ ਜ਼ਿਲ੍ਹੇ ਦੇ ਸੀਨੀਅਰ ਪੁਲਿਸ ਅਧਿਕਾਰੀਆਂ, ਐਸ.ਐਚ.ਓਜ਼, ਚੌਂਕੀ ਇੰਚਾਰਜਾਂ ਨਾਲ ਪੁਲਿਸ ਲਾਈਨ ਵਿਖੇ ਮੀਟਿੰਗ ਦੌਰਾਨ ਨਿਰਦੇਸ਼ ਦਿੱਤੇ ਕਿ ਅਮਨ-ਕਾਨੂੰਨ ਵਿਵਸਥਾ ਹਰ ਹਾਲਤ ਵਿਚ ਬਰਕਰਾਰ ਰੱਖੀ ਜਾਵੇ।



# ਆਲ ਇੰਡੀਆ ਆਦਿ ਧਰਮ ਮਿਸ਼ਨ, ਸੰਤਾਂ ਮਹਾਂਪੁਰਸ਼ਾਂ ਵਲੋਂ ਸੰਤ ਸਰਵਣ ਦਾਸ ਸਲੇਮਟਾਵਰੀ ਨੂੰ ਕੀਤਾ ਸਨਮਾਨਿਤ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਸੱਚਖੰਡ ਵਾਸੀ ਬ੍ਰਹਮਲੀਨ ਸੰਤ ਟਹਿਲ ਦਾਸ ਜੀ ਦੇ ਬਰਸੀ ਸਮਾਗਮ ਡੇਰਾ ਸੰਤ ਟਹਿਲ ਦਾਸ ਵਿਖੇ ਮੌਜੂਦਾ ਗੱਦੀ ਨਸ਼ੀਨ ਸੰਤ ਸਰਵਣ ਦਾਸ ਸੀਨੀ.ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਦੀ ਅਗਵਾਈ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਲੋਂ ਸ਼ਰਧਾ ਪੂਰਵਕ ਮਨਾਏ ਗਏ। ਇਸ ਮੌਕੇ ਰਾਗੀ, ਢਾਡੀ, ਕਵਿਸ਼ਰੀ ਜਥਿਆਂ ਅਤੇ ਸੰਤਾਂ ਮਹਾਂਪੁਰਸ਼ਾਂ ਨੇ ਸ਼ਬਦ ਕੀਰਤਨ,ਕਥਾ ਗੁਰਮਿਤ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ,ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਅਤੇ ਵੱਖ ਵੱਖ ਸੰਪਰਦਾਵਾਂ ਵਲੋਂ ਕੌਮ ਦੇ ਮਹਾਨ ਚਿੰਤਕ,ਪ੍ਰਚਾਰਕ, ਕਥਾਵਾਚਕ ਸੰਤ ਸਰਵਣ ਦਾਸ ਸਲੇਮਟਾਵਰੀ ਲੁਧਿਆਣਾ ਨੂੰ ਸ੍ਰੀ ਚਰਨਛੋਹ ਗੰਗਾ ਸੱਚਖੰਡ ਖੁਰਾਲਗੜ ਸਾਹਿਬ ਲਈ ਕੀਤੀਆਂ ਮਹਾਨ ਅਣਥੱਕ ਸੇਵਾਵਾਂ ਲਈ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ। ਇਸ ਮੌਕੇ ਸੰਤ ਨਿਰਮਲ ਦਾਸ ਬਾਬੇ ਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਨੇ ਕਿਹਾ ਕਿ ਸੰਤ ਸਰਵਣ ਦਾਸ ਨੇ 13 ਸਾਲ ਲਗਾਤਾਰ ਸ੍ਰੀ ਚਰਨਛੋਹ ਗੰਗਾ ਲਈ ਵੱਡੇ ਵੱਡੇ ਸੰਤਸੰਗਿ ਕਰਕੇ ਅਖਬਾਰਾਂ,ਮੀਡੀਏ ਰਾਹੀਂ ਅਤੇ ਦੂਰਦਰਸ਼ਨ ਤੇ ਪ੍ਰਚਾਰ ਤੇ ਪ੍ਰਸਾਰ ਕੀਤਾ, ਜਿਸ ਕਰਕੇ ਅੱਜ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨਛੋਹ ਧਰਤੀ ਸਬੰਧੀ ਗਿਆਨ ਪ੍ਰਾਪਤ ਹੋਇਆ। ਉਹਨਾਂ ਕਿਹਾ ਅੱਜ ਕੁੱਝ ਕੁ ਸਵਾਰਥੀ ਲੋਕਾਂ ਨੇ ਨਿੱਜੀ ਸਵਾਰਥਾਂ ਦੇ ਲਾਲਚਵੱਸ ਹੋਕੇ ਵਿਸ਼ਵਵਿਆਪੀ ਗੁਰੂਘਰ ਨੂੰ ਆਪਣੇ ਘਰ ਤੱਕ ਸਮੇਟ ਕੇ ਰੱਖ ਦਿੱਤਾ ਅਤੇ ਦੇਸ਼ ਵਿਦੇਸ਼ ਦੀ ਸੰਗਤ ਵਲੋਂ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਲਈ ਖ੍ਰੀਦੀ ਜਮੀਨ ਤੇ ਵੀ ਕਬਜਾ ਕਰਕੇ ਬੈਠੇ ਹਨ ਜੋ ਕਿ ਕੌਮ ਦੇ ਬੱਚਿਆਂ ਲਈ ਖੋਲ੍ਹੇ ਜਾਣ ਵਾਲੇ ਵਿਦਿਆ ਦੇ ਮੰਦਰਾਂ ਵਿਚ ਵੱਡੀ ਰੁਕਾਵਟ ਤੇ ਧੋਖਾ ਹੈ। ਉਨਾਂ ਕਿਹਾ ਗੁਰੂਘਰ ਦੇ ਨਾਂ ਤੇ ਵਪਾਰ, ਦੁਕਾਨਾਂ ਚਲਾਉਣ ਵਾਲੇ ਕੌਮ ਵਿਰੋਧੀ ਲੋਕਾਂ ਨੂੰ ਹੁਣ ਸੰਗਤ ਬਰਦਾਸ਼ਤ ਨਹੀਂ ਕਰੇਗੀ। ਇਸ ਮੌਕੇ ਸੰਤ ਇੰਦਰ ਦਾਸ ਸੇਖੈ ਜਨਰਲ ਸਕੱਤਰ ਨੇ ਕਿਹਾ ਕਿ ਸੰਤਾਂ, ਮਹਾਂਪੁਰਸ਼ਾਂ ਵਲੋਂ ਕੌਮ ਲਈ ਕੀਤੀ ਕੁਰਬਾਨੀ ਅਜਾਈਂ ਨਹੀਂ ਜਾਵੇਗੀ ਸ੍ਰੀ ਗੁਰੂ ਰਵਿਦਾਸ ਸਦਨ ਖੁਰਾਲਗੜ ਦੁਨੀਆਂ ਦਾ ਮਹਾਨ ਤੀਰਥ ਇਸ਼ਨਾਨ ਬਣੇਗਾ।

ਇਸ ਮੌਕੇ ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਨੇ ਕਿਹਾ 2009 ਵਿਚ ਜਦੋਂ ਅਸ਼ੀ ਸ੍ਰੀ ਚਰਨਛੋਹ ਗੰਗਾ ਗਏ ਸੀ ਤਾਂ ਓਥੇ ਸਤਿਗੁਰੂ ਰਵਿਦਾਸ ਮਹਾਰ-ਾਜ ਜੀ ਦੇ ਸਰੂਪ ਇੱਕ ਕੱਚੀ ਝੌਂਪੜੀ ਵਿੱਚ ਰੱਖੇ ਹੋਏ ਸਨ , ਕੁੱਝ



ਸੰਤ ਸਰਵਣ ਦਾਸ ਸਲੇਮਟਾਵਰੀ ਨੂੰ ਸਨਮਾਨਿਤ ਕਰਦੇ ਸੰਤ ਮਹਾਂਪੁਰਸ਼। ਫੋਟੋ ਅਜਮੇਰ ਦੀਵਾਨਾ

ਮਹਾਂਪੁਰਸ਼ਾਂ ਨੂੰ ਨਾਲ ਲੈ ਨਵ ਉਸਾਰੀ,ਬਿਜਲੀ,ਪਾਣੀ ,ਸੰਗਤ ਲਈ ਲੰਗਰ ,ਰਿਹਾਇਸ਼ ਲਈ ਉਪਰਾਲੇ ਸ਼ੁਰੂ ਕੀਤੇ। ਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨਛੋਹ ਧਰਤੀ ਦਾ ਜਨ ਜਨ ਤੱਕ ਪ੍ਰਚਾਰ, ਪ੍ਰਸਾਰ ਕਰਨ ਲਈ ਸੰਤ ਸਰਵਣ ਦਾਸ ਮਹਾਰਾਜ ਜੀ ਨੂੰ ਬੇਨਤੀ ਕੀਤੀ ਜਿਨਾਂ ਨੇ 13 ਸਾਲ ਦਿਨ ਰਾਤ ਸਖਤ ਮਿਹਨਤ,ਤਪੱਸਿਆ ਕੀਤੀ ਅਤੇ ਅੱਜ ਸ੍ਰੀ ਚਰਨਛੋਹ ਗੰਗਾ ਦੁਨੀਆਂ ਦੇ ਨਕਸ਼ੇ ਤੇ ਓਘਰ ਕੇ ਸਾਹਮਣੇ ਪ੍ਰਗਟ ਹੋਈ ਹੈ। ਓਨਾਂ ਕਿਹਾ ਕਿ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਕਿ ਸੰਤ ਸਰਵਣ ਦਾਸ ਨੂੰ ਧਰਮ ਗੁਰੂ ਦੀ ਉਪਾਧੀ ਦੇਣ ਵਾਲਿਆਂ ਨੇ ਪਿੱਠ ਵਿੱਚ ਛੁਰਾ ਮਾਰਕੇ ਝੂਠ ਫਰੇਬ ਦਾ ਨਕਾਬ ਪਾਕੇ ਗੁਰੂ ਘਰ ਤੇ ਕਬਜ਼ਾ ਕਰ ਲਿਆ ਹੈ ਅਤੇ ਲੱਖਾਂ ਸੰਗਤਾਂ ਦੀਆਂ ਸਮਾਜਿਕ, ਧਾਰਮਿਕ ਭਾਵਨਾਵਾਂ ਨੂੰ ਕੁਚਲ ਕੇ ਰੱਖ ਦਿੱਤਾ ਹੈ। ਓਨਾਂ ਕਿਹਾ ਕਿ ਸੰਤਾਂ, ਮਹਾਂਪੁਰਸ਼ਾਂ ਦੇ ਅਸ਼ੀਰਵਾਦ ਅਤੇ ਸਮੂਹ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਚਰਨਛੋਹ ਗੰਗਾ ਖੁਰਾਲਗੜ ਨੂੰ ਜਲਦ ਅਜਾਦ ਕਰਾਕੇ ਸੰਗਤਾਂ ਹਵਾਲੇ ਕਰਾਂਗੇ । ਇਸ ਮੌਕੇ ਸੰਤ ਧਰਮਪਾਲ ਸ਼ੇਰਗੜ,ਸੰਤ ਜਗੀਰ ਸਿੰਘ ਨੰਦਾਚੌਰ,ਸੰਤ ਪ੍ਰਮਜੀਤ ਦਾਸ ਨਗਰ, ਸੰਤ ਬਲਵੰਤ ਦਾਸ ਡਿੰਗਰੀਆਂ,ਸੰਤ ਰਾਮ ਸੇਵਕ ਹਰੀਪੁਰ ਖਾਲਸਾ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਮਨਜੀਤ ਦਾਸ ਵਿਛੋਹੀ ਨੇ ਵੀ ਕਥਾ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕੀਤਾ। ਸੰਤ ਸਰਵਣ ਦਾਸ ਵਲੋਂ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਕੌਂਸਲਰ ਅਰਾਧਨਾ ਅਟਵਾਲ, ਇੰਸਪੈਕਟਰ ਬਿਪਨ ਅਟਵਾਲ,ਕਮਲ ਜਨਾਗਲ, ਜਿੰਦਰ ਸਿੱਧੂ, ਨਰੇਸ਼ ਬਸਰਾ, ਬਲਵੀਰ ਮਹੇ ਵੀ ਹਾਜਰ ਸਨ ।

# 8 ਮਾਰਚ ਕੌਮਾਂਤਰੀ ਇਸਤਰੀ ਦਿਵਸ ਵਜੋਂ ਮਨਾਏਗਾ ਇਸਤਰੀ ਜਾਗ੍ਰਿਤੀ ਮੰਚ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਇਸਤਰੀ ਜਾਗ੍ਰਿਤੀ ਮੰਚ ਨੇ ਕੌਮਾਂਤਰੀ ਇਸਤਰੀ ਦਿਵਸ 8 ਮਾਰਚ ਮੰਚ ਦੇ ਸਾਬਕਾ ਸੂਬਾ ਪ੍ਰਧਾਨ ਮਰਹੂਮ ਗੁਰਬਖਸ਼ ਕੌਰ ਸੰਘਾ ਨੂੰ ਸਮਰਪਿਤ ਕਰਨ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਜਥੇਬੰਦੀ ਦੀ ਬਲਵੀਰ ਕੌਰ ਸੰਘਾ ਦੀ ਪ੍ਰਧਾਨਗੀ ਹੇਠ ਨਵਾਂਸ਼ਹਿਰ ਵਿਖੇ ਹੋਈ ਜਿਲਾ ਪੱਧਰੀ ਵਿਸਥਾਰੀ ਮੀਟਿੰਗ ਵਿੱਚ ਕੀਤਾ ਗਿਆ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਜਥੇਬੰਦੀ ਦੇ ਜਿਲਾ ਆਗੂ ਹਰਬੰਸ ਕੌਰ ਨਵਾਂਸ਼ਹਿਰ ਨੇ ਦੱਸਿਆ ਕਿ ਇਸ ਵਾਰ ਇਹ ਪ੍ਰੋਗਰਾਮ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ, ਬੰਗਾ ਰੋਡ ਨਵਾਂਸ਼ਹਿਰ ਵਿਖੇ ਮਨਾਇਆ ਜਾਵੇਗਾ, ਜੋ ਸਵੇਰੇ10 ਵਜੇ ਸ਼ੁਰੂ ਹੋਵੇਗਾ। ਇਸ ਵਿੱਚ ਬੁਲਾਰੇ ਕੌਮਾਂਤਰੀ ਇਸਤਰੀ ਲਹਿਰ ਅਤੇ ਮੌਜੂਦਾ ਸਮੇਂ ਵਿੱਚ ਇਸਤਰੀ ਵਰਗ ਨੂੰ ਦਰਪੇਸ਼ ਚਣੌਤੀਆਂ ਬਾਰੇ ਗੱਲ ਕਰਨਗੇ। ਉਹਨਾਂ ਦੱਸਿਆ ਕਿ ਬੀਬੀ ਗੁਰਬਖਸ਼ ਕੌਰ ਸੰਘਾ ਨੇ 31 ਸਾਲ ਇਸ ਜਥੇਬੰਦੀ ਨੂੰ ਅਗਵਾਈ ਦਿੱਤੀ। ਬੀਤੇ ਵਰ੍ਹੇ ਲੰਮੀ ਬਿਮਰੀ ਉਪਰੰਤ 20 ਦਸੰਬਰ ਨੂੰ ਉਹਨਾਂ ਦਾ ਦੇਹਾਂਤ ਹੋ ਗਿਆ। ਉਹਨਾਂ ਕਿਹਾ ਕਿ ਸਾਡੇ ਦੇਸ਼ ਵਿੱਚ ਔਰਤਾਂ ਦੀ ਸੁਰੱਖਿਆ ਦਾ ਮੁੱਦਾ ਬਹੁਤ ਅਹਿਮ ਬਣਿਆ ਹੋਇਆ ਹੈ। ਔਰਤਾਂ ਉੱਤੇ ਹਿੰਸਾ, ਘਰੇਲੂ ਹਿੰਸਾ, ਦਾਜ ਲਈ ਉਤਪੀੜਨ, ਮਰਦ ਦੇ ਮੁਕਾਬਲੇ ਉਜਰਤਾਂ ਵਿੱਚ ਵਿਤਕਰਾ, ਲੜਕੀਆਂ ਦੀ ਪਰਵਰਿਸ਼ ਵਿੱਚ ਵਿਤਕਰਾ ਅਤੇ ਔਰਤਾਂ ਨਾਲ ਬਲਾਤਕਾਰ ਜਿਹੇ ਅਹਿਮ ਮੁੱਦੇ ਹਨ ਜੋ ਹਰ ਸੰਵੇਦਨਸ਼ੀਲ ਮਨੁੱਖ ਦਾ ਧਿਆਨ ਖਿੱਚਦੇ ਹਨ। ਉਹਨਾਂ ਨੇ ਔਰਤਾਂ ਨੂੰ ਇਸ ਪ੍ਰੋਗਰਾਮ ਵਿੱਚ ਭਰਵੀਂ ਸ਼ਮੂਲੀਅਤ ਦੀ ਬੇਨਤੀ ਕੀਤੀ ਹੈ। ਇਸ ਮੀਟਿੰਗ ਨੂੰ ਹਰਬੰਸ ਕੌਰ ਨਵਾਂਸ਼ਹਿਰ, ਸੁਰਜੀਤ ਕੌਰ ਉਟਾਲ, ਸੰਤੋਸ਼ ਕੁਮਾਰੀ ਕੁਰਲ, ਕਿਰਨਜੀਤ, ਸ਼ਕੁੰਤਲਾ ਨੇ ਸੰਬੋਧਨ ਕੀਤਾ। ਇਸ ਮੀਟਿੰਗ ਵਿੱਚ ਹਰਬੰਸ ਕੌਰ ਹਿਆਲਾ, ਰਾਜਵਿੰਦਰ ਕੌਰ ਕੱਟਾਂ, ਹਰਮਿਲਾ ਕੌਰ, ਰੇਣੂੰ, ਮੰਜੂ, ਜੋਤੀ, ਗੀਤਾ ਰਾਣੀ, ਗੁਰਪਾਲ ਕੌਰ, ਬੱਬਲੀ ਅਤੇ ਜਸਵੀਰ ਕੌਰ ਨੇ ਸ਼ਮੂਲੀਅਤ ਕੀਤੀ।

# ਸਮੂਹ ਪੋਲਿੰਗ ਸਟੇਸ਼ਨਾਂ 'ਤੇ ਬੂਥ ਲੈਵਲ ਏਜੰਟ ਨਿਯੁਕਤ ਕੀਤੇ ਜਾਣ - ਰਾਜੀਵ ਵਰਮਾ

## ਵਧੀਕ ਡਿਪਟੀ ਕਮਿਸ਼ਨਰ ਵੱਲੋਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਹਰੇਕ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀ ਲਈ ਹਰੇਕ ਪੋਲਿੰਗ ਸਟੇਸ਼ਨ 'ਤੇ ਆਪਣਾ-ਆਪਣਾ ਬੂਥ ਲੈਵਲ ਏਜੰਟ ਨਿਯੁਕਤ ਕਰਨ ਸਬੰਧੀ ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਰਾਜੀਵ ਵਰਮਾ ਵੱਲੋਂ ਅੱਜ ਜ਼ਿਲ੍ਹੇ ਦੀਆਂ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ। ਵਧੀਕ ਡਿਪਟੀ ਕਮਿਸ਼ਨਰ ਨੇ ਇਸ ਮੌਕੇ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਜ਼ਿਲ੍ਹੇ ਵਿਚ ਪੈਂਦੇ ਤਿੰਨ ਵਿਧਾਨ ਸਭਾ ਚੋਣ ਹਲਕਿਆਂ ਦੇ ਸਾਰੇ ਪੋਲਿੰਗ ਬੂਥਾਂ 'ਤੇ ਆਪਣੇ-ਆਪਣੇ ਬੀ.ਐਲ.ਏ (ਬੂਥ ਲੈਵਲ ਏਜੰਟ) ਨਿਯੁਕਤ ਕਰਨ, ਤਾਂ ਜੋ ਸਬੰਧਿਤ ਪੋਲਿੰਗ ਬੂਥ 'ਤੇ ਨਿਯੁਕਤ ਬੀ.ਐਲ.ਓ ਨੂੰ ਲੋੜੀਂਦੀ ਸਹਾਇਤਾ ਮਿਲ ਸਕੇ।



ਉਨ੍ਹਾਂ ਇਹ ਵੀ ਦੱਸਿਆ ਕਿ ਬੀ.ਐਲ.ਏ ਉਸੇ ਪੋਲਿੰਗ ਬੂਥ ਦਾ ਵੋਟਰ ਹੋਣਾ ਚਾਹੀਦਾ ਹੈ, ਜਿਥੇ ਉਸ ਨੂੰ ਨਿਯੁਕਤ ਕੀਤਾ ਜਾਣਾ ਹੈ ਤੇ ਉਹ ਸਰਕਾਰੀ ਜਾਂ ਸਥਾਨਕ ਪ੍ਰਸ਼ਾਸ਼ਨ ਜਾਂ ਪੀ.ਐਸ.ਯੂ. ਦਾ ਮੁਲਾਜ਼ਮ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਨਿਯੁਕਤ ਬੀ.ਐਲ.ਏ ਆਪਣੇ ਪੋਲਿੰਗ ਬੂਥ ਵਿਚ ਵੋਟਾਂ ਬਣਾਉਣ, ਕਟਾਉਣ ਜਾਂ ਸੋਧ ਕਰਨ ਸਬੰਧੀ ਸੂਚੀ ਤਿਆਰ ਕਰ ਸਕਦਾ ਹੈ ਤੇ ਉਹ ਇਕ ਸਮੇਂ ਵੱਧ ਤੋਂ ਵੱਧ 10 ਫਾਰਮ ਬੀ.ਐਲ.ਓ ਨੂੰ ਦੇ ਸਕਦਾ ਹੈ। ਇਸ ਤੋਂ ਇਲਾਵਾ ਰਾਜਨੀਤਿਕ ਪਾਰਟੀ, ਨਿਯੁਕਤ ਕੀਤੇ ਬੀ.ਐਲ.ਏ ਨੂੰ ਆਈ.ਡੀ ਕਾਰਡ ਵੀ ਜਾਰੀ ਕਰ ਸਕਦੀ ਹੈ। ਇਸ ਮੌਕੇ ਵੱਖ-ਵੱਖ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਹਾਜ਼ਰ ਸਨ।

# ਸਾਹਿਤ ਸਮਾਜ

26/02/2025

## ਸ਼ੱਕ ਇੱਕ ਬਿਮਾਰੀ...

ਸ਼ੱਕ ਵੀ ਇੱਕ ਬਿਮਾਰੀ ਵਾਂਗ ਹੀ ਹੁੰਦਾ ਹੈ, ਜੋ ਮਨੁੱਖ ਨੂੰ ਘੁਣ ਵਾਂਗ ਅੰਦਰੇ ਅੰਦਰ ਖਾ ਜਾਂਦਾ ਹੈ। ਮਨੁੱਖੀ ਮਨ ਨੂੰ ਖੋਖਲਾ ਬਣਾ ਦਿੰਦਾ ਹੈ।ਬਾਹਰੋਂ ਤਾਂ ਭਾਵੇਂ ਇਨਸਾਨ ਸਾਬਤ ਸੂਰਤ ਦਿਸਦਾ ਹੋਵੇ, ਪਰ ਮਨ ਅੰਦਰ ਜੇਕਰ ਇੱਕ ਵਾਰ ਸ਼ੱਕ ਦਾ ਬੀਜ ਪਨਪ ਗਿਆ..ਤਾਂ ਫਿਰ ਖ਼ੈਰ ਨਹੀਂ। ਸ਼ੱਕੀ ਵਿਅਕਤੀ ਹਮੇਸ਼ਾ ਦੁਚਿੱਤੀ ਵਿੱਚ ਫ਼ਸਿਆ ਰਹਿੰਦਾ ਹੈ। ਉਹ ਆਪਣਾ ਵਰਤਮਾਨ ਕਦੇ ਵੀ ਮਾਣ ਨਹੀਂ ਸਕਦਾ ਜਾਂ ਇਵੇਂ ਕਹਿ ਲਓ ਕਿ ਆਪਣੇ ਵਰਤਮਾਨ ਨੂੰ ਮਾਨਣ ਦੀ ਸੋਚ ਹੀ ਨਹੀਂ ਸਕਦਾ ਕਿਉਂਕਿ ਉਸ ਦਾ ਧਿਆਨ ਹੋਰਾਂ ਵੱਲ ਕੇਂਦਰਿਤ ਰਹਿੰਦਾ ਹੈ। ਸ਼ੱਕ ਮਨ ਵਿੱਚ ਪੈਦਾ ਹੁੰਦਾ ਹੈ ਅਤੇ ਫਿਰ ਦਿਲ 'ਤੇ ਏਨਾ ਗਹਿਰਾ ਅਸਰ ਕਰਦਾ ਹੈ ਕਿ ਇਨਸਾਨ ਇਸ ਨਾਲ ਕਈ ਵਾਰ ਮਾਨਸਿਕ ਬਿਮਾਰ ਵੀ ਹੋ ਜਾਂਦਾ ਹੈ।ਕਦੀ ਵੀ ਮਨ ਵਿੱਚ ਸ਼ੱਕ ਨੂੰ ਪੈਦਾ ਹੀ ਨਾ ਹੋਣ ਦਿਓ, ਜਦੋਂ ਸ਼ੱਕ ਪੈਣ ਲੱਗੇ ਤਾਂ ਉਸਨੂੰ ਜਿੰਨੀ ਜਲਦੀ ਹੋ ਸਕੇ ਹੱਲ ਕਰਨ ਦੀ ਕੋਸ਼ਿਸ਼ ਕਰੋ। ਨਾ ਕਿ ਐਵੇਂ ਇਸਦੇ ਦਾਇਰੇ ਨੂੰ ਗੱਲਾਂ ਅਤੇ ਚੁਗ਼ਲੀਆਂ ਨਾਲ਼ ਵਧਾਇਆ ਜਾਵੇ। ਸਭ ਤੋਂ ਨਾਜ਼ੁਕ ਰਿਸ਼ਤਾ ਪਤੀ-ਪਤਨੀ ਦਾ ਹੁੰਦਾ ਹੈ। ਬਹੁਤੇ ਰਿਸ਼ਤਿਆਂ ਵਿੱਚੋਂ ਕੁੜੱਤਣ ਜਾਂ ਟੁੱਟਣ ਦਾ ਕਾਰਨ ਵੀ ਸ਼ੱਕ ਹੀ ਹੁੰਦਾ ਹੈ। ਅਸੀਂ ਇਹ ਤਾਂ ਕਹਿੰਦੇ ਹਾਂ ਕਿ ਅੱਜ ਸਮਾਂ ਬਦਲ ਗਿਆ ਹੈ, ਪਰ ਦੋਸਤੋ..! ਸਮੇਂ ਦੇ ਨਾਲ਼ ਸੋਚ ਨਹੀਂ ਬਦਲੀ..! ਅਸੀਂ ਆਪ ਤਾਂ ਖੁੱਲ੍ਹ ਕੇ ਜਿਊਣਾ ਚਾਹੁੰਦੇ ਹਾਂ, ਪਰ ਆਪਣੇ ਜੀਵਨ ਸਾਥੀ ਨੂੰ ਖੁੱਲ੍ਹ ਕੇ ਜੀਣ ਦੀ ਇਜਾਜ਼ਤ ਨਹੀਂ ਦੇ ਸਕਦੇ ਹਾਂ। ਜੇਕਰ ਕੋਈ ਸ਼ੱਕ ਪਵੇ ਤਾਂ ਝੱਟ ਆਹਮਣੇ ਸਾਹਮਣੇ ਇੱਕ ਵਾਰ ਤਾਂ ਗੱਲ ਜ਼ਰੂਰ ਕਰਨੀ ਚਾਹੀਦੀ ਹੈ, ਤਾਂ ਕਿ ਬਾਅਦ ਵਿੱਚ ਅਗਲਾ ਆਪਣੀ ਕਹੀ ਗੱਲ ਤੋਂ ਭੱਜ ਨਾ ਸਕੇ। ਬਾਹਰ ਅਤੇ ਭਾਈਵਾਲੀ ਵਿੱਚ ਵੀ ਪੈਸੇ ਦੇ ਖਾਣ-ਪੀਣ ਦੇ ਸ਼ੱਕ ਕਰਕੇ ਹੀ ਸਾਡੇ ਕਈ ਕੰਮ ਫੇਲ੍ਹ ਹੋ ਜਾਂਦੇ ਹਨ।



ਮੇਰੇ ਅਨੁਸਾਰ ਸਾਂਝੇ ਹਿਸਾਬ ਵਿੱਚ ਲਿਖਤੀ ਜ਼ਰੂਰੀ ਹੈ, ਜੇਕਰ ਫਿਰ ਵੀ ਕੋਈ ਸ਼ੱਕ ਕਰਦਾ ਹੈ ਤਾਂ ਫਿਰ ਆਪਸੀ ਸਹਿਮਤੀ ਨਾਲ਼ ਵੱਖ-ਵੱਖ ਹੋਣਾ ਜ਼ਰੂਰੀ ਹੁੰਦਾ ਹੈ। ਕਿਸੇ ਵੀ ਰਿਸ਼ਤੇ ਕਾਰੋਬਾਰ ਜਾਂ ਇਨਸਾਨ ਨੂੰ ਬੰਨ੍ਹਣ ਦੀ ਕੋਸ਼ਿਸ਼ ਨਾ ਕਰਕੇ ਆਪਣੇ ਨਾਲ਼ ਜੋੜਨ ਦੀ ਹਿੰਮਤ ਕਰਾਂਗੇ ਤਾਂ ਨਤੀਜੇ ਵਧੀਆ ਨਿਕਲਣਗੇ। ਜਦੋਂ ਅਸੀਂ ਕਿਸੇ ਵੀ ਦੂਸਰੇ ਵਿਅਕਤੀ ਨੂੰ ਸਿਰਫ਼ ਅਤੇ ਸਿਰਫ਼ ਆਪਣੇ ਅਨੁਸਾਰ ਢਾਲਣ ਦੀ ਹੀ ਸੋਚਦੇ ਹਾਂ, ਤਾਂ ਫਿਰ ਅਸੀਂ ਦੁੱਖੀ ਹੁੰਦੇ ਹਾਂ। ਸਾਨੂੰ ਆਪ ਵੀ ਦੂਸਰੇ ਦੇ ਮੁਤਾਬਕ ਥੋੜ੍ਹਾ ਢੱਲਣ ਦੀ ਜ਼ਰੂਰਤ ਹੁੰਦੀ ਹੈ। ਸ਼ਰਤਾਂ ਅਤੇ ਬੰਦਸ਼ਾਂ ਨਾਲ ਰਿਸ਼ਤੇ ਤੋੜ ਤੱਕ ਨਿਭਦੇ ਨਹੀਂ ਹਨ। ਇਸ ਤਰ੍ਹਾਂ ਕਰਨ ਨਾਲ ਸਿਰਫ਼ ਜ਼ਿੰਦਗੀ ਦੇ ਦਿਨ ਕੱਟੇ ਜਾ ਸਕਦੇ ਹਨ, ਮਾਣੇ ਨਹੀਂ ਜਾ ਸਕਦੇ।

ਘਰੇਲੂ ਸ਼ੱਕ ਆਮ ਹੀ ਦੇਖਿਆ ਜਾਂਦਾ ਹੈ। ਕਈ ਵਾਰ ਗ਼ਲਤੀਆਂ ਸਾਡੇ ਆਪਣੇ ਵਿੱਚ ਵੀ ਹੁੰਦੀਆਂ ਹਨ, ਪਰ ਅਸੀਂ ਉਹਨਾਂ ਦਾ ਦੋਸ਼ ਦੂਜਿਆਂ ਨੂੰ ਦੇਣ ਲਈ ਸ਼ੱਕ ਦਾ ਬੀਜ ਬੋ ਲੈਂਦੇ ਹਾਂ। ਜੇਕਰ ਅਸੀਂ ਗੱਲ-ਗੱਲ ਵਿੱਚ ਸ਼ੱਕ ਕਰਨ ਦੇ ਆਦੀ ਹਾਂ, ਤਾਂ ਇਸ ਦਾ ਮਤਲਬ ਹੈ ਕਿ ਸਾਨੂੰ ਆਪਣੇ ਆਪ ਵਿੱਚ ਸੁਧਾਰ ਦੀ ਲੋੜ ਹੈ। ਆਪਣੀ ਸੋਚ ਅਤੇ ਸਮਝ ਨੂੰ ਇੰਨਾ ਵੀ ਦੂਜਿਆਂ 'ਤੇ ਨਿਰਭਰ ਨਾ ਕਰੋ ਕਿ ਤੁਸੀਂ ਦੂਸਰੇ ਦੇ ਪਿੱਛੇ ਲੱਗ ਕੇ ਸ਼ੱਕ ਦੇ ਬੰਧਨ ਵਿੱਚ ਬੰਨ੍ਹੇ ਜਾਓ। ਆਪਣੇ ਆਪ ਨੂੰ ਅੰਦਰ ਹੀ ਅੰਦਰ ਸਾੜੇ ਜਾਣ ਨਾਲੋਂ ਬਿਹਤਰ ਹੁੰਦਾ ਹੈ, ਸ਼ੱਕ ਦਾ ਨਿਵਾਰਨ ਜਲਦੀ ਕੀਤਾ ਜਾ ਸਕੇ। ਸ਼ੱਕ ਦੇ ਅਧਾਰ 'ਤੇ ਗੱਲ ਕਤਲਾਂ ਤੱਕ ਵੀ ਪਹੁੰਚ ਜਾਂਦੀ ਹੈ। ਕੀਮਤੀ ਜਾਨਾਂ ਪਲਾਂ ਵਿੱਚ ਢੇਰ ਕਰਕੇ ਫਿਰ ਪਛਤਾਉਣ ਦਾ ਕੀ ਫਾਇਦਾ..! ਜੇਕਰ ਗਹੁ ਨਾਲ਼ ਸਾਰੀਆਂ ਗੱਲਾਂ ਨੂੰ ਪਰਖਿਆ ਜਾਵੇ, ਤਾਂ ਵਿੱਚੋਂ ਕੁਝ ਵੀ ਨਹੀਂ ਨਿਕਲਦਾ। ਇਨਸਾਨ ਫ਼ੋਕੀ ਹਉਮੈਂ ਦਾ ਸ਼ਿਕਾਰ ਹੋ ਕੇ ਪਤਾ ਨਹੀਂ ਦੂਸਰੇ ਬਾਰੇ ਆਪਣੇ ਮਨ ਵਿੱਚ ਕਿੰਨੀ ਕੋਝੀ ਸੋਚ ਦੀ ਗੱਠ ਬੰਨ੍ਹ ਬੈਠਦਾ ਹੈ। ਬਿਨਾਂ ਕਿਸੇ ਦੀ ਗੱਲ ਸੁਣਿਆ..ਆਪਣੇ ਆਪ ਹੀ ਮਨ ਘੜਤ ਨਤੀਜਿਆਂ 'ਤੇ ਪਹੁੰਚਣ ਨਾਲ਼ ਅਸੀਂ ਆਪਣੀ ਆਤਮਾ ਨੂੰ ਵੀ ਨੋਚਦੇ ਹਾਂ ਅਤੇ ਹੋਰਾਂ ਲਈ ਵੀ ਪਰੇਸ਼ਾਨੀ ਦਾ ਕਾਰਨ ਬਣਦੇ ਹਾਂ। ਸਾਡੇ ਮਨ ਦਾ ਤਾਣਾ-ਬਾਣਾ ਵੀ ਕੁਝ ਇਸ ਤਰ੍ਹਾਂ ਦਾ ਹੈ ਕਿ ਜੇਕਰ ਇੱਕ ਵਾਰੀ ਮਨ ਵਿੱਚ ਸ਼ੱਕ ਬੈਠ ਗਿਆ ਤਾਂ ਉਸ ਵਿੱਚੋਂ ਨਿਕਲਣਾ ਬਹੁਤ ਔਖਾ ਹੁੰਦਾ ਹੈ।

ਸੋ ਦੋਸਤੋ..! ਆਓ, ਇਹਨਾਂ ਸ਼ੱਕ ਦੀਆਂ ਗੰਢਾਂ ਨੂੰ ਪੀਡੀਆਂ ਹੋਣ ਤੋਂ ਪਹਿਲਾਂ ਹੀ ਖੋਲ੍ਹ ਲਿਆ ਜਾਵੇ। ਆਪਣਾ ਮਨ ਉਸ ਪਰਮਾਤਮਾ ਦੀ ਰਜ਼ਾ ਵਿੱਚ ਰੱਖ ਕੇ ਸ਼ੱਕ ਤੋਂ ਰਹਿਤ ਹੋ ਕੇ ਜ਼ਿੰਦਗੀ ਨੂੰ ਚੰਗੇ ਆਚਰਨ ਅਤੇ ਚੰਗੀ ਸੋਚ ਨਾਲ਼ ਜੀਅ ਸਕੀਏ। ਅਸੀਂ ਕਹਿੰਦੇ ਤਾਂ ਸਾਰੇ ਹਾਂ.. ਕਿ ਜ਼ਿੰਦਗੀ ਚਾਰ ਦਿਨਾਂ ਦੀ ਹੈ। ਇਸ ਨੂੰ ਭਰਪੂਰ ਜੀਣਾ ਚਾਹੀਦਾ ਹੈ ਪਰ ਜਦੋਂ ਆਪਣੀ ਵਾਰੀ ਆਉਂਦੀ ਹੈ ਤਾਂ ਅਸੀਂ ਆਪਣੇ ਸੋਚ ਵਿੱਚ ਸ਼ੱਕ ਦਾ ਜ਼ਹਿਰ ਭਰ ਕੇ ਹਮੇਸ਼ਾ ਤਣਾਅ ਵਿੱਚ ਰਹਿੰਦੇ ਹਾਂ। ਨਾ ਖੁਦ ਜ਼ਿੰਦਗੀ ਨੂੰ ਚੰਗੇ ਤਰੀਕੇ ਨਾਲ਼ ਜੀਂਦੇ ਹਾਂ ਅਤੇ ਨਾ ਹੀ ਹੋਰਨਾਂ ਨੂੰ ਜੀਣ ਦਿੰਦੇ ਹਾਂ। ਸਦਾ ਖ਼ੁਸ਼ ਰਹੋ... ਹੱਸਦੇ-ਵਸਦੇ ਰਹੋ ਪਿਆਰਿਓ! ਬਹੁਤ ਪਿਆਰ, ਸਤਿਕਾਰ ਅਤੇ ਦੁਆਵਾਂ!!



ਪਰਵੀਨ ਕੌਰ ਸਿੱਧੂ

# ਇਤਿਹਾਸ ਸਿਰਜਣ ਵਾਲੀਆਂ ਇਨਕਲਾਬੀ ਦੇਵੀਆਂ : ਬਲਿਹਾਰ ਗੋਬਿੰਦਗੜ੍ਹੀਆ

ਇਹ ਸਦੀਵੀ ਸੱਚ ਹੈ ਕਿ ਜਾਗਰੂਕ ਬੰਦਾ ਕਦੇ ਵੀ ਗੁਲਾਮ ਨਹੀਂ ਹੁੰਦਾ, ਉਹ ਹਮੇਸ਼ਾ ਜਾਗਦਾ ਰਹਿੰਦਾ ਹੈ। ਜਾਗਦੇ ਮਨੁੱਖ ਹੀ ਸਮਾਜ ਦੀ ਸਿਰ-ਜਣਾ ਕਰਦੇ ਹਨ। ਜਿਹੜੇ ਸਮਾਜ ਨੂੰ ਬੁਲੰਦੀਆਂ ਤੱਕ ਲੈ ਕੇ ਜਾਂਦੇ ਹਨ ਪਰ ਸਮੇਂ ਦੀਆਂ ਹਕੂਮਤਾਂ ਹਮੇਸ਼ਾ ਉਹਨਾਂ ਨੂੰ ਆਪਣਾ ਗੁਲਾਮ ਬਣਾਉਣ ਲਈ ਵੱਖ-ਵੱਖ ਤਰ੍ਹਾਂ ਦੀਆਂ ਸਾਜਿਸ਼ਾਂ ਘਟਦੀਆਂ ਰਹਿੰਦੀਆਂ ਹਨ। ਜਾਗਰੂਕ ਮਨੁੱਖ ਹਮੇਸ਼ਾ ਉਹਨਾਂ ਦੀਆਂ ਚਾਲਾਂ ਨੂੰ ਨਾਕਾਮ ਵੀ ਕਰਦਾ ਹੈ ਤੇ ਉਹਨਾਂ ਤੋਂ ਅੱਗੇ ਵੀ ਜਾਂਦਾ ਹੈ। ਇਹ ਵੀ ਸੱਚ ਹੈ ਕਿ ਇਤਿਹਾਸ ਲੁਕਾਇਆ ਤਾਂ ਜਾ ਸਕਦਾ ਹੈ ਪਰ ਸਮੇਂ ਦੇ ਸੱਚ ਨੂੰ ਬਹੁਤੀ ਦੇਰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਉਹ ਕਦੇ ਨਾ ਕਦੇ ਲੋਕਾਂ ਦੇ ਸਾਹਮਣੇ ਆ ਹੀ ਜਾਂਦਾ ਹੈ। ਭਾਰਤੀ ਸਮਾਜ ਵਿੱਚ ਕੁੱਝ ਅਜਿਹੀਆਂ ਇਨਕਲਾਬੀ ਔਰਤਾਂ ਹੋਈਆਂ ਹਨ, ਜਿਨਾਂ ਨੇ ਆਪਣੇ ਸਮਿਆਂ ਵਿੱਚ ਇਤਿਹਾਸ ਦੀ ਅਜਿਹੀ ਸਿਰਜਣਾ ਕੀਤੀ ਕਿ ਉਹ ਹੋਰਨਾਂ ਲਈ ਮਾਰਗ ਦਰਸ਼ਕ ਬਣ ਗਈਆਂ। ਇਹਨਾਂ ਨੂੰ ਭਾਵੇਂ ਸਮੇਂ ਸਮੇਂ ਯਾਦ ਤਾਂ ਕੀਤਾ ਜਾਂਦਾ ਹੈ ਪਰੰਤੂ ਉਹਨਾਂ ਨੇ ਜਿਹੜੀ ਭੂਮਿਕਾ ਉਹਨਾਂ ਸਮਿਆਂ ਵਿੱਚ ਉਹਨਾਂ ਨੇ ਨਿਭਾਈ, ਉਸ ਨੂੰ ਆਮ ਲੋਕਾਂ ਤੱਕ ਲੈ ਕੇ ਜਾਣ ਦਾ ਕਦੇ ਕੋਈ ਉਪਰਾਲਾ ਨਹੀਂ ਕੀਤਾ। ਜੇ ਕਿਸੇ ਨੇ ਕੋਈ ਉਪਰਾਲਾ ਕੀਤਾ ਤਾਂ ਉਹ ਮਹਿਜ ਕਿਤਾਬਾਂ ਦਾ ਹਿੱਸਾ ਬਣ ਕੇ ਰਹਿ ਗਈਆਂ । ਸਾਨੂੰ ਇਸ ਗੱਲ ਦਾ ਮਾਣ ਹੈ ਕਿ ਸਾਡੇ ਸਮਿਆਂ ਦੇ ਵਿੱਚ ਉਹਨਾਂ ਸਮਿਆਂ ਦੇ ਇਤਿਹਾਸ ਨੂੰ ਕਲਮਬੱਧ ਕਰਨ ਲਈ ਇੱਕ ਕਲਮਕਾਰ ਨੇ ਅਜਿਹਾ ਬੀੜਾ ਚੁੱਕਿਆ ਕਿ ਉਸ ਨੇ ਉਹਨਾਂ ਇਨਕਲਾਬੀ ਨਾਰੀਆਂ ਨੂੰ ਆਪਣੀ ਸਿਰਜਣਾ ਦਾ ਹਿੱਸਾ ਬਣਾ ਲਿਆ । ਜਿਹਨਾਂ ਨੇ ਇਤਿਹਾਸ ਸਿਰਜਿਆ ਹੈ। ਉਹਨਾਂ ਦੇ ਜੀਵਨ ਦੀ ਗਾਥਾ ਛੰਦ ਵੱਧ ਤਰੀਕੇ ਨਾਲ ਹੀ ਨਹੀਂ ਕੀਤੀ ਬਲਕਿ ਉਸ ਨੂੰ ਸੱਥਾਂ, ਪਰਿਆਂ ਅਤੇ ਸਮਾਗਮਾਂ ਵਿੱਚ ਸੁਣਾ ਕੇ ਆਮ ਲੋਕਾਂ ਤੱਕ ਉਹਨਾਂ ਨੂੰ ਪੁੱਜਦਾ ਕੀਤਾ।

ਇਹਨਾਂ ਔਰਤਾਂ ਨੂੰ ਉਹ ਇਨਕਲਾਬੀ ਦੇਵੀਆਂ ਆਖਦਾ ਹੈ। ਉਸ ਨੇ ਇਤਿਹਾਸ ਦੇ ਉਹਨਾਂ ਪੰਨਿਆਂ ਨੂੰ ਆਪਣੀਆਂ ਰਚਨਾਵਾਂ ਦਾ ਹਿੱਸਾ ਬਣਾਇਆ ਜਿਹੜੀਆਂ ਚੌਦਵੀਂ ਸਦੀ ਤੋਂ 19ਵੀਂ ਸਦੀ ਤੱਕ ਆਪਣਾ ਇਤਿਹਾਸ ਸਿਰਜਦੀਆਂ ਰਹੀਆਂ ਹਨ। ਇਹਨਾਂ ਦੇਵੀਆਂ ਨੂੰ ਉਹ ਆਪਣੀ ਕਲਮ ਦੇ ਰਾਹੀਂ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ ਇਉਂ ਲੱਗਦਾ ਹੈ ਜਿਵੇਂ ਇਤਿਹਾਸ ਹੂਬਹੂ ਲੋਕਾਂ ਦੇ ਸਾਹਮਣੇ ਪੇਸ਼ ਹੁੰਦਾ ਹੋਵੇ।

ਇਹਨਾਂ ਇਨਕਲਾਬੀ ਦੇਵੀਆਂ ਨੂੰ ਸਿਰਜਣਾ ਵਾਲਾ ਬਲਿਹਾਰ ਗੋਬਿੰਦਗੜ੍ਹੀਆ ਕਲਮ ਦਾ ਧਨੀ ਹੈ। ਉਸ ਨੇ ਇੱਕੋ ਸਮੇਂ ਕਈ ਮੋਰਚਿਆਂ ਉੱਤੇ ਲੜਾਈ ਲੜੀ ਹੈ। ਉਸ ਦੀਆਂ ਹੁਣ ਤੱਕ ਨੌ ਕਾਵਿ ਪੁਸਤਕਾਂ ਲੋਕਾਂ ਦੀ ਕਚਹਿਰੀ ਵਿੱਚ ਆ ਗਈਆਂ ਹਨ। ਮੈਨੂੰ ਮਾਣ ਹੈ ਕਿ ਮੈਂ ਉਹਨਾਂ ਦੀ ਹਮੇਸ਼ਾ ਅਗਵਾਈ ਕੀਤੀ ਹੈ। ਇਹ ਇਸ ਪੁਸਤਕ ਦਾ ਖਰੜਾ ਪੜ੍ਹਦੇ ਸਮੇਂ ਮਹਿਸੂਸ ਕਰਦਾ ਹਾਂ ਕਿ ਉਸ ਦੀ ਪ੍ਰਤਿਭਾ ਵਿੱਚ ਹੋਰ ਨਿਖਰਿਆ ਆਇਆ ਹੈ । ਪਰ ਜਦੋਂ ਇਹਨਾਂ ਇਨਕਲਾਬੀ ਦੀਵੀਆਂ ਨੂੰ ਮੈਂ ਕਵਿਤਾ ਦੇ ਰੂਪ ਵਿੱਚ ਪੜ੍ਹਿਆ ਤਾਂ ਹੈਰਾਨੀ ਵੀ ਹੋਈ ਕਿ ਉਸਨੇ ਉਹਨਾਂ ਸਮਿਆਂ ਦਾ ਸੱਚ ਲੋਕਾਂ ਦੇ ਸਾਹਮਣੇ ਇਸ ਢੰਗ ਦੇ ਨਾਲ ਪੇਸ਼ ਕੀਤਾ ਕਿ ਜਿਵੇਂ ਸਾਡੇ ਆਲੇ ਦੁਆਲੇ ਕੋਈ ਇਸ ਤਰ੍ਹਾਂ ਦਾ ਜੀਵਨ ਜਿਉਂਦਾ ਹੋਵੇ। ਪੁਰਾਤਨ ਇਤਿਹਾਸ ਨੂੰ ਕਲਮਬੱਧ ਕਰਨਾ ਬੜਾ ਔਖਾ ਕਾਰਜ ਹੁੰਦਾ ਹੈ ਪਰ ਬਲਿਹਾਰ ਗੋਬਿੰਦਗੜੀਆ ਇਸ ਕਲ ਕਾਰਜ ਵਿੱਚ ਸਫਲ ਹੈ।

ਉਸਨੇ ਸਦੀ ਦੀ ਦੇ ਇਨਕਲਾਬੀ ਗੁਰੂ ਰਵਿਦਾਸ ਜੀ ਦੀ ਪਤਨੀ ਮਾਤਾ ਲੋਨਾ ਨੂੰ ਇਸ ਪੁਸਤਕ ਵਿੱਚ ਪਹਿਲਾ ਸਥਾਨ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 15 ਭਗਤਾਂ ਵਿੱਚੋਂ ਇੱਕ ਸ਼੍ਰੋਮਣੀ ਭਗਤ ਸ੍ਰੀ ਗੁਰੂ ਰਵਿਦਾਸ ਜੀ ਸਨ। ਜਿਨ੍ਹਾਂ ਨੇ ਚੌਦਵੀਂ ਸਦੀ ਦੇ ਵਿੱਚ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ। ਉਸ ਦੀ ਆਵਾਜ਼ ਨੂੰ ਹੋਰ ਪੱਕਿਆਂ ਕਰਨ ਲਈ ਮਾਤਾ ਲੋਨਾ ਨੇ ਉਹਨਾਂ ਦੀ ਜੀਵਨ ਦੇ ਵਿੱਚ ਅਹਿਮ ਭੂਮਿਕਾ ਨਿਭਾਈ, ਉਹਨਾਂ ਉਸ ਸਮੇਂ ਦੇ ਜਰਵਾਣਿਆਂ ਦੇ ਨਾਲ ਮੱਥਾ ਲਾਇਆ। ਮਾਤਾ ਲੋਨਾ ਜੀ ਭਗਤ ਰਵਿਦਾਸ ਜੀ ਦੀਆਂ ਰਚਨਾਵਾਂ ਨੂੰ ਸੁਣਦੀ, ਵਿਚਾਰ ਦੀ ਤੇ ਵਿਚਾਰ ਚਰਚਾ ਕਰਦੀ ਹੈ। ਅਜਿਹੇ ਸਮਿਆਂ ਦੇ ਵਿੱਚ ਕਿਸੇ ਔਰਤ ਦਾ ਐਨੇ ਵੱਡੇ ਪੱਧਰ ਤੇ ਜਾਗਰੂਕ ਹੋਣਾ ਵੱਡੀ ਗੱਲ ਹੈ। ਜਦੋਂ ਅਸੀਂ ਉਹਨਾਂ ਦੀ ਜੀਵਨ ਗਾਥਾ ਨੂੰ ਇਸ ਪੁਸਤਕ ਦੇ ਵਿੱਚ ਪੜ੍ਹਦੇ ਹਾਂ ਤਾਂ ਲੱਗਦਾ ਹੈ ਕਿ ਉਹ ਸਮੇਂ ਤੋਂ ਬਹੁਤ ਅੱਗੇ ਤੁਰ ਰਹੇ ਹਨ।

ਇਤਿਹਾਸ ਦੀ ਦੂਜੀ ਇਨਕਲਾਬੀ ਦੇਵੀ ਝਲਕਾਰੀ ਬਾਈ ਹੈ, ਜਿਹੜੀ ਲਕਸ਼ਮੀ ਬਾਈ ਝਾਂਸੀ ਰਾਣੀ ਦੇ ਨਾਲ ਜੰਗ ਦੇ ਮੈਦਾਨ ਵਿੱਚ ਅੰਗਰੇਜ਼ੀ ਹਕੂਮਤ ਨਾਲ ਲੜਦਿਆਂ ਸੁਰਗਤੀ ਪ੍ਰਾਪਤ ਕਰਦੀ ਹੈ। ਪ੍ਰੰਤੂ ਦੁੱਖ ਦੀ ਗੱਲ ਤਾਂ ਇਹ ਹੈ ਕਿ ਸਾਡੇ ਇਤਿਹਾਸਕਾਰਾਂ ਨੇ ਲਕਸ਼ਮੀ ਬਾਈ ਝਾਂਸੀ ਨੂੰ ਤਾਂ ਨਾਇਕ ਬਣਾ ਦਿੱਤਾ ਪਰ ਝਲਕਾਰੀ ਬਾਈ ਨੂੰ ਅੱਖੋਂ ਪਰੋਖੇ ਕਰ ਦਿੱਤਾ ਜਦਕਿ ਇਤਿਹਾਸ ਦੱਸਦਾ ਹੈ ਕਿ ਉਸ ਨੇ ਅਸਲ ਲੜਾਈ ਆਪਣੇ ਦੱਬੇ ਕੁੱਚਲੇ ਲੋਕਾਂ ਲਈ ਲੜੀ ਸੀ ਜਦਕਿ ਝਾਂਸੀ ਰਾਣੀ ਨੇ ਆਪਣੀ ਸਲਤਨਤ ਬਚਾਉਣ ਲਈ ਇਹ ਲੜਾਈ ਕੀਤੀ ਸੀ ਪਰ ਇਤਿਹਾਸ ਨੂੰ ਛੁਪਾਇਆ ਨੂੰ ਬਹੁਤੀ ਦੇਰ ਨਹੀਂ ਜਾ ਸਕਦਾ, ਇਸੇ ਇਤਿਹਾਸ ਨੂੰ ਬਲਿਹਾਰ ਆਪਣੀ ਕਲਮ ਵਿੱਚ ਇਸ ਢੰਗ ਦੇ ਨਾਲ ਪੇਸ਼ ਕਰਦਾ ਹੈ ਕਿ ਉਹ ਸੱਚ ਹੋਣ ਨਿਬੜਦਾ ਹੈ।

ਬਲਿਹਾਰ ਗੋਬਿੰਦਗੜੀਆ ਕਲਮ ਦਾ ਧਨੀ ਤਾਂ ਹੈ ਹੀ ਉਹ ਇਸ ਪੁਸਤਕ ਦੇ ਵਿੱਚ ਤੀਜੀ ਇਨਕਲਾਬੀ ਦੇਵੀ ਸਵਿਤਰੀ ਬਾਈ ਫੂਲੇ ਨੂੰ ਬਣਾਉਂਦਾ ਹੈ। ਜਿਹੜੀ ਉਹਨਾਂ ਸਮਿਆਂ ਦੇ ਵਿੱਚ ਪਹਿਲੀ ਅਧਿਆਪਕਾ ਬਣਦੀ ਹੈ ਜਿਹਨਾਂ ਸਮਿਆਂ ਦੇ ਵਿੱਚ ਔਰਤ ਨੂੰ ਘਰ ਦੀ ਚਾਰ ਦੀਵਾਰੀ ਵਿੱਚ ਰਹਿਣਾ ਪੈਂਦਾ ਸੀ ਪਰ ਉਹਨਾਂ ਦੇ ਪਤੀ ਨੇ ਉਸ ਨੂੰ ਅਜਿਹੀ ਪ੍ਰੇਰਨਾ ਦਿੱਤੀ ਕਿ ਉਹ ਪੜ੍ਹ ਲਿਖ ਕੇ ਭਾਰਤੀ ਸਮਾਜ ਵਿੱਚ ਪਹਿਲੀ ਅਧਿਆਪਕਾ ਬਣ ਗਈ । ਉਹ




ਦਲਿਤ ਬਰਾਦਰੀ ਦੇ ਨਾਲ ਸੰਬੰਧਿਤ ਸੀ ਇਸੇ ਕਰਕੇ ਉਸ ਨੂੰ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਲੋਕਾਂ ਨੇ ਉਹ ਮਾਨਤਾ ਨਾ ਦਿੱਤੀ, ਜਿਸ ਦੀ ਉਹ ਹੱਕਦਾਰ ਸੀ ਪਰ ਸਿਆਣੇ ਆਖਦੇ ਹਨ ਕਿ ਸੂਰਜ ਕਦੇ ਛੁਪਦਾ ਨਹੀਂ।ਉਹ ਸਦਾ ਚਮਕਦਾ ਰਹਿੰਦਾ ਹੈ।

ਫੂਲਨ ਦੇਵੀ ਭਾਰਤੀ ਸਮਾਜ ਤੇ ਉਸ ਸੂਰਜ ਵਾਂਗ ਉੱਗੀ ਹੈ, ਜਿਸ ਨੂੰ ਖਤਮ ਕਰਨ ਲਈ ਠਾਕੁਰ ਬਿਰਾਦਰੀ ਨੇ ਉਹਨਾਂ ਸਮਿਆਂ ਦੇ ਵਿੱਚ ਮਧੋਲ ਕੇ ਰੱਖ ਦਿੱਤਾ ਸੀ, ਜਦੋਂ ਉਹ ਜਵਾਨੀ ਦੇ ਵਿੱਚ ਪੈਰ ਧਰ ਰਹੀ ਸੀ। ਫੂਲਨ ਦੇਵੀ ਉੱਤੇ ਇੰਨੇ ਜਬਰ ਜ਼ੁਲਮ ਹੋਏ ਕਿ ਉਸ ਨੇ ਉਹਨਾਂ ਨੂੰ ਆਪਣੇ ਤਨ ਉੱਤੇ ਹੰਡਾਇਆ ਅਤੇ ਮਨ ਨੂੰ ਤਗੜਾ ਕੀਤਾ, ਇੱਕ ਦਿਨ ਉਹ ਬਾਗੀ ਹੋ ਕੇ, ਬਾਗੀਆਂ ਦੇ ਨਾਲ ਰਲ ਗਈ ਤੇ ਬਗਾਵਤ ਸ਼ੁਰੂ ਕਰ ਦਿੱਤੀ। ਉਹ ਬਾਗੀਆਂ ਦੇ ਨਾਲ ਜੁੜ ਕੇ ਧਾੜਵੀਆਂ ਵਾਂਗ ਠਾਕੁਰਾਂ ਦੇ ਘਰਾਂ ਦੇ ਵਿੱਚ ਡਾਕੇ ਮਾਰਦੇ ਸੀ ਤਾਂ ਉਸ ਦੀ ਤੂਤੀ ਬੋਲਣ ਲੱਗ ਪਈ ਸੀ। ਇਕ ਦਿਨ ਉਹ ਬਾਗੀਆਂ ਦੀ ਆਗੂ ਬਣ ਗਈ। ਉਸਨੇ ਮੌਕਾ ਪਾ ਕੇ ਜਦੋਂ ਉਹਨਾਂ ਠਾਕੁਰਾਂ ਨੂੰ ਸਬਕ ਸਿਖਾਇਆ ਤਾਂ ਦਿੱਲੀ ਦੀਆਂ ਕੰਧਾਂ ਵੀ ਹਿਲ ਗਈਆਂ ਸਨ। ਇਹ ਸੱਚ ਹੈ ਕਿ ਜਦੋਂ ਔਰਤ ਚੰਡੀ ਬਣ ਜਾਵੇ ਤਾਂ ਉਸ ਨੂੰ ਰੋਕਿਆ ਨਹੀਂ ਜਾ ਸਕਦਾ। ਇਹ ਸੱਚ ਹੈ ਕਿ ਫੂਲਨ ਦੇਵੀ ਸੱਚਮੁੱਚ ਹੀ ਚੰਡੀ ਬਣ ਗਈ ਸੀ। ਉਸ ਦੇ ਸਖ਼ਤ ਜੀਵਨ ਨੂੰ ਜਿਸ ਤਰ੍ਹਾਂ ਬਲਿਹਾਰ ਗੋਬਿੰਦਗੜ੍ਹੀਆ ਆਪਣੀ ਕਲਮ ਦੇ ਰਾਹੀਂ ਕਲਮਬੱਧ ਕਰਦਾ ਹੈ, ਉਸ ਦੀ ਜੀਵਨ ਗਾਥਾ ਅੱਖਾਂ ਦੇ ਸਾਹਮਣੇ ਆਉਂਦੀ ਹੈ। ਉਹ ਬਾਗ਼ੀ ਤੋਂ ਸੰਸਦ ਮੈਂਬਰ ਬਣੀ। ਪਰ ਉਹ ਆਪਣੇ ਇੱਕ ਭਰੋਸੇਬੰਦ ਵਿਅਕਤੀ ਹੱਥੋਂ ਮਾਰੀ ਗਈ। ਸਰੀਰ ਨੂੰ ਤਾਂ ਮਾਰਿਆ ਜਾ ਸਕਦਾ ਹੈ ਪਰ ਸੱਚ ਨੂੰ ਨਹੀਂ।ਇਸ ਕੌੜੇ ਸੱਚ ਨੂੰ ਬਲਿਹਾਰ ਗੋਬਿੰਦਗੜ੍ਹੀਆ ਨੇ ਸਾਡੇ ਸਨਮੁੱਖ ਕੀਤਾ ਹੈ।

ਭਾਰਤੀ ਸਮਾਜ ਵਿੱਚ ਕਦੇ ਉਹ ਸਮਾਂ ਵੀ ਸੀ ਜਦੋਂ ਔਰਤਾਂ ਨੂੰ ਆਪਣੀਆਂ ਛਾਤੀਆਂ ਨੰਗੀਆਂ ਕਰਕੇ ਤੁਰਨਾ ਪੈਂਦਾ ਸੀ ਜੇਕਰ ਕੋਈ ਛਾਤੀ ਨੰਗੀ ਨਾ ਕਰਦੀ ਤਾਂ ਉਸ ਨੂੰ ਦੰਡ ਭੁਗਤਣਾ ਪੈਂਦਾ ਸੀ ਪਰ ਨੰਗੇਲੀ ਨਾਂ ਦੀ ਔਰਤ ਨੇ ਇਸ ਜਬਰ ਦੇ ਖਿਲਾਫ ਆਵਾਜ਼ ਹੀ ਬੁਲੰਦ ਨਹੀਂ ਕੀਤੀ ਬਲਕਿ ਉਸ ਸਮੇਂ ਦੀ ਹਕੂਮਤ ਨੂੰ ਕੰਬਣੀ ਛੇੜ ਦਿੱਤੀ। ਬਹੁਤ ਸਾਰੇ ਲੋਕਾਂ ਨੂੰ ਇਸ ਗੱਲ ਦਾ ਗਿਆਨ ਨਹੀਂ ਕਿ ਨੰਗੇਲੀ ਨੇ ਅਜਿਹਾ ਕੁਝ ਕੀਤਾ ਕਿ ਜਿਸ ਨੂੰ ਸੁਣਦਿਆਂ ਵੀ ਕਾਂਬਾ ਛਿੜਦਾ ਹੈ। ਬਲਿਹਾਰ ਜਦੋਂ ਉਸ ਦੀ ਉਹਨਾਂ ਸਮਿਆਂ ਦੀ ਤਸਵੀਰ ਪੇਸ਼ ਕਰਦਾ ਹੈ ਜਦੋਂ ਉਹ ਆਪਣੀਆਂ ਛਾਤੀਆਂ ਵੱਢ ਕੇ ਥਾਲੀ ਵਿੱਚ ਰੱਖ ਕੇ ਦਰਬਾਰ ਵਿੱਚ ਪੁੱਜਦੀ ਹੈ। ਉਸ ਸਮੇਂ ਤੋਂ ਬਾਅਦ ਔਰਤਾਂ ਨੂੰ ਆਪਣੀਆਂ ਛਾਤੀਆਂ ਢਕਣ ਦੀ ਆਜ਼ਾਦੀ ਮਿਲ ਗਈ ਸੀ। ਇਹ ਆਜ਼ਾਦੀ ਉਂਝ ਹੀ ਨਹੀਂ ਮਿਲੀ ਸੀ, ਉਸ ਨੇ ਆਪਣੀ ਜਾਨਾਂ ਦੀ ਅਹੂਤੀ ਦਿੱਤੀ ਸੀ। ਬਿਨਾਂ ਗਵਾਇਆ, ਕੁੱਝ ਪਾਇਆ ਨਹੀਂ ਜਾ ਸਕਦਾ। ਇਹ ਵੀ ਕਮਾਲ ਹੈ ਕਿ ਬਲਿਹਾਰ ਗੋਬਿੰਦਗੜ੍ਹੀਆ ਨੇ ਇਸ ਗਾਥਾ ਨੂੰ ਜਿਸ ਤਰੀਕੇ ਆਪਣੇ ਕਾਵਿ ਰਾਹੀਂ ਪੇਸ਼ ਕੀਤਾ ਹੈ, ਪੜ੍ਹਦਿਆਂ ਮਨ ਉਦਾਸ ਵੀ ਹੁੰਦਾ ਹੈ ਤੇ ਰੌਂਗਟੇ ਵੀ ਖੜੇ ਹੁੰਦੇ ਹਨ।

ਸਿੱਖ ਇਤਿਹਾਸ ਵਿੱਚ ਚਮਕੌਰ ਗੜੀ ਦੀ ਜੰਗ ਅਜਿਹੀ ਅਸਾਮੀ ਜੰਗ ਹੈ, ਜਿਸ ਨੇ ਦੁਨੀਆਂ ਦੇ ਇਤਿਹਾਸ ਵਿੱਚ ਆਪਣਾ ਵਿਲੱਖਣ ਸਥਾਨ ਪ੍ਰਾਪਤ ਕੀਤਾ। ਇੱਕ ਪਾਸੇ ਭੁੱਖਣ ਭਾਣੇ ਕੁੱਝ ਗਿਣਤੀ ਦੇ ਸਿੰਘ ਸਨ ਤੇ ਦੂਜੇ ਪਾਸੇ 10 ਲੱਖ ਦੀ ਫੌਜ ਸੀ। ਇਸ ਜੰਗ ਵਿੱਚ ਗੁਰੂ ਜੀ ਦੇ ਸਾਹਿਬਜ਼ਾਦੇ ਤੇ ਜਾਨੋ ਪਿਆਰੇ ਸਿੱਖ ਸ਼ਹੀਦ ਹੋਏ ਸਨ ਤੇ ਗੁਰੂ ਗੋਬਿੰਦ ਸਿੰਘ ਜੀ ਤਾੜੀ ਮਾਰ ਕੇ ਮਾਛੀਵਾੜੇ ਦੀ ਜੰਗਲਾਂ ਵੱਲ ਆ ਗਏ ਸਨ ਤੇ ਬਾਅਦ ਵਿੱਚ ਉਹਨਾਂ ਦੀਆਂ ਲਾਸ਼ਾਂ ਦਾ ਸਸਕਾਰ ਕਰਨ ਲਈ ਅਜਿਹੀ ਇਕ ਇਨਕਲਾਬੀ ਦੇਵੀ ਪ੍ਰਗਟ ਹੋਈ ਕਿ ਉਸ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਹੋਇਆਂ ਵੀ ਗੁਰੂ ਸਾਹਿਬ ਜੀ ਦੇ ਲਾਲਾਂ ਦਾ ਸਸਕਾਰ ਕੀਤਾ ਹਕੂਮਤ ਨੇ ਸਸਕਾਰ ਹੁੰਦਾ ਵੇਖ ਕੇ ਬੀਬੀ ਹਰਸ਼ਰਨ ਕੌਰ ਨੂੰ ਬਲਦੀ ਚਿਖਾ ਵਿੱਚ ਸੁੱਟ ਦਿੱਤਾ। ਬੀਬੀ ਹਰਸ਼ਰਨ ਕੌਰ ਦੀ ਗਾਥਾ ਨੂੰ ਬਲਿਹਾਰ ਆਪਣੀ ਕਲਮ ਦਾ ਹਿੱਸਾ ਬਣਾਉਂਦਾ ਹੈ, ਉਹ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ ਜਿਸ ਤਰ੍ਹਾਂ ਸਾਹਮਣੇ ਕੋਈ ਨਾਟਕ ਚੱਲ ਰਿਹਾ ਹੋਵੇ ਪਰ ਉਹ ਨਾਟਕ ਨਹੀਂ ਸੀ, ਉਹ ਤਾਂ ਅਗੰਮੀ ਜੋਤ ਸੀ। ਇਸ ਦਰਦ ਭਰੀ ਗਾਥਾ ਨੂੰ ਬਿਆਨ ਕਰਨਾ ਤੇ ਸੁਣਨਾ ਪੜ੍ਹਨਾ ਬੜਾ ਔਖਾ ਹੈ ਪਰ ਧੰਨ ਹੈ ਬਲਿਹਾਰ ਜਿਸਨੇ ਇਸ ਨੂੰ ਆਪਣੀ ਕਲਮ ਦਾ ਹਿੱਸਾ ਬਣਾ ਕੇ ਸਾਡੇ ਸਨਮੁਖ ਕੀਤਾ।

ਭਾਰਤ ਦੇਸ਼ ਸਦੀਆਂ ਤੋਂ ਗੁਲਾਮ ਰਿਹਾ ਹੈ ਇਸ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਜਿੱਥੇ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ। ਉਥੇ ਸਾਡੀਆਂ ਮਾਵਾਂ, ਧੀਆਂ ਤੇ ਭੈਣਾਂ ਨੇ ਵੀ ਕੋਈ ਰੜਕ ਨਹੀਂ ਛੱਡੀ। ਜੇਕਰ ਮਰਦ ਮੈਦਾਨੇ ਜੰਗ ਵਿੱਚ ਲੜਦੇ ਸਨ ਤਾਂ ਉਹ ਉਹਨਾਂ ਤੋਂ ਬਾਅਦ ਘਰ ਦੀਆਂ ਲੋੜਾਂ ਥੋੜਾਂ ਨੂੰ ਪੂਰੀਆਂ ਕਰਦੀਆਂ ਲੜਾਈ ਲੜ ਰਹੀਆਂ ਸਨ। ਪਰ ਬੀਬੀ ਗੁਲਾਬ ਕੌਰ ਉਹ ਗਦਰੀ ਇਨਕਲਾਬੀ ਦੇਵੀ ਹੈ ਜਿਸ ਨੇ ਸਮੇਂ ਦੀ ਹਕੂਮਤ ਦੇ ਨਾਲ ਅੱਖਾਂ ਵਿੱਚ ਅੱਖਾਂ ਪਾ ਕੇ ਗੱਲ ਕੀਤੀ । ਉਸ ਦੀ ਜੀਵਨੀ ਨੇ ਇਕ ਨਵਾਂ ਇਤਿਹ-ਾਸ ਸਿਰਜਿਆ। ਗਦਰ ਲਹਿਰ ਦੇ ਵਿੱਚ ਇਹ ਇਨਕਲਾਬੀ ਦੇਵੀ ਹੈ, ਜਿਸ ਨੇ ਆਪਣੇ ਬਾਬਿਆਂ, ਦਾਦਿਆਂ ਤੇ ਭਾਈਆਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਆਪਣੀ ਜਾਨਾਂ ਦੀ ਅਹੂਤੀ ਦਿੱਤੀ। ਬਲਿਹਾਰ ਇਸ ਦੇ ਜੀਵਨ ਨੂੰ ਪੇਸ਼ ਕਰਦਾ ਹੈ। ਇਸ ਦੇ ਜੀਵਨ ਤੋਂ ਸਾਡੀਆਂ ਬੀਬੀਆਂ ਨੂੰ ਜਰੂਰ ਪ੍ਰੇਰਨਾ ਲੈਣੀ ਚਾਹੀਦੀ ਹੈ ਕਿ ਜੰਗ ਕੇਵਲ ਘਰਾਂ ਵਿੱਚ ਹੀ ਨਹੀਂ, ਮੈਦਾਨੇ ਜੰਗ ਵਿੱਚ ਵੀ ਲੜੀ ਜਾ ਸਕਦੀ ਹੈ। ਜਿਸ ਤਰ੍ਹਾਂ ਬੀਬੀ ਗੁਲਾਬ ਕੌਰ ਲੜਦੀ ਹੈ।

ਇਸੇ ਤਰ੍ਹਾਂ ਦੀ ਇੱਕ ਹੋਰ ਇਨਕਲਾਬੀ ਦੇਵੀ ਬੀਬੀ ਰਘਵੀਰ ਕੌਰ ਬੀਰੀ ਹੈ ਜਿਸਨੇ ਗਦਰੀ ਬਾਬਿਆਂ ਦੇ ਨਾਲ ਰਲ ਕੇ ਅੰਗਰੇਜ਼ ਹਕੂਮਤ ਦੇ ਵਿਰੁੱਧ ਜੰਗ ਲੜੀ ਅਤੇ ਆਪਣੇ ਜਾਨਾਂ ਦੀ ਅਹੂਤੀ ਦਿੱਤੀ। ਗਦਰ ਲਹਿਰ ਦੀਆਂ ਇਹਨਾਂ ਦੋ ਬੀਬੀਆਂ ਨੂੰ ਬਲਿਹਾਰ ਆਪਣੀ ਕਲਮ ਦਾ ਹਿੱਸਾ ਬਣਾਉਂਦਾ ਹੋਇਆ, ਇਹਨਾਂ ਦੇ ਜੀਵਨ ਦੀਉ ਉਹਨਾਂ ਘਟਨਾਵਾਂ ਨੂੰ ਕਲਮਬੱਧ ਕਰਦਾ ਹੈ, ਜਿਨ੍ਹਾਂ ਨੂੰ ਸਮੇਂ ਦੇ ਇਤਿਹਾਸ ਨੇ ਲਕੋਈ ਰੱਖਿਆ ਪਰ ਸੂਰਜ ਕਦ ਤੱਕ ਛਿਪ ਕੇ ਰਹਿੰਦਾ ਹੈ, ਉਹ ਤਾਂ ਹਮੇਸ਼ਾ ਚਮਕਦਾ ਰਹਿੰਦਾ ਹੈ। ਹੋ ਸਕਦਾ ਕਿ ਬੱਦਲਾਂ ਨੇ ਉਸ ਨੂੰ ਕੁੱਝ ਪਲ ਲਈ ਲੁਕਾ ਲਿਆ ਹੋਵੇ ਪਰ ਬੱਦਲ ਤਾਂ ਧਰਤੀ ਤੇ ਵਰ ਜਾਂਦੇ ਹਨ, ਸੂਰਜ ਸਦਾ ਚਮਕਦਾ ਰਹਿੰਦਾ ਹੈ।

ਇਹਨਾਂ ਇਨਕਲਾਬੀ ਬੀਬੀਆਂ ਦੇ ਵਿੱਚ ਇੱਕ ਅਜਿਹੀ ਬੀਬੀ ਹੈ, ਜਿਸ ਦਾ ਸਿਰ ਦਾ ਤਾਜ ਆਜ਼ਾਦ ਭਾਰਤ ਦਾ ਪਹਿਲਾ ਕਾਨੂੰਨ ਮੰਤਰੀ ਬਣਦਾ ਹੈ। ਡਾਕਟਰ ਭੀਮ ਰਾਓ ਅੰਬੇਦਕਰ ਜੀ ਦੀ ਪਤਨੀ ਰਾਮਾ ਬਾਈ ਅਜਿਹੀ ਸ਼ਖਸ਼ੀਅਤ ਹੈ ਜਿਸ ਨੇ ਡਾਕਟਰ ਭੀਮ ਰਾਉ ਨੂੰ ਤਰਾਸ਼ਨ ਦੇ ਵਿੱਚ ਉਹ ਭੂਮਿਕਾ ਨਿਭਾਈ ਹੈ, ਜਿਹੜੀ ਆਮ ਤੌਰ ਤੇ ਬਹੁਤ ਘੱਟ ਔਰਤਾਂ ਦੇ ਵਿੱਚ ਹੁੰਦੀ ਹੈ । ਇਹ ਉਹਨਾਂ ਸਮਿਆਂ ਦੀ ਗੱਲ ਹੈ ਜਦੋਂ ਦੇਸ਼ ਆਜ਼ਾਦ ਨਹੀਂ ਸੀ ਹੋਇਆ ਡਾਕਟਰ ਭੀਮ ਰਾਉ ਸੰਘਰਸ਼ ਦੇ ਰਾਹ ਤੁਰਿਆ ਹੋਏ ਸਨ। ਉਹਨਾਂ ਇਸ ਸੰਘਰਸ਼ ਦਾ ਹਿੱਸਾ ਰਾਮਾ ਵਾਈ ਦੀ ਬਣੀ ਰਹੀ ਕਿਉਂਕਿ ਡਾਕਟਰ ਭੀਮ ਰਾਓ ਉਚੇਰੀ ਸਿੱਖਿਆ ਹਾਸਲ ਕਰਨ ਲਈ, ਦੇਸ਼ ਵਿਦੇਸ਼ ਜਾਂਦੇ ਰਹਿੰਦੇ ਸਨ, ਉਹਨਾਂ ਦੇ ਜਾਣ ਤੋਂ ਬਾਅਦ ਘਰ ਦੀਆਂ ਲੋੜਾਂ ਥੋੜਾਂ ਨੂੰ ਪੂਰਾ ਕਰਨ ਲਈ ਰਾਮਾ ਬਾਈ ਓੜ ਪੋੜ ਕਰਦੀ ਰਹਿੰਦੀ। ਬਲਿਹਾਰ ਗੋਬਿੰਦਗੜ੍ਹੀਆਂ ਨੇ ਰਾਮਾ ਬਾਈ ਦੀ ਗਾਥਾ ਨੂੰ ਲਿਖ ਕੇ ਅਜਿਹੀਆਂ ਅੰਦਰਲੀਆਂ ਗੱਲਾਂ ਲੋਕਾਂ ਦੇ ਸਾਹਮਣੇ ਲਿਆਂਦੀ ਹਨ, ਜਿਹੜੀਆਂ ਇਤਿਹਾਸਕਾਰਾਂ ਨੇ ਅੱਖੋਂ ਪਰੋਖੇ ਕਰੀ ਰੱਖੀਆਂ।

ਇਤਿਹਾਸ ਦੀਆਂ ਇਹਨਾਂ ਨੌ ਇਨਕਲਾਬੀ ਦੇਵੀਆਂ ਨੂੰ ਕਲਮ ਬੰਦ ਕਰਦਿਆਂ ਬਲਿਹਾਰ ਗੋਬਿੰਦਗੜ੍ਹੀਆ ਆਪਣੀ ਕਲਮ ਦੇ ਰਾਹੀਂ ਸਿਰਜਦਾ ਹੈ, ਉਸ ਨੂੰ ਪੜ੍ਹਦਿਆਂ ਇੰਝ ਲੱਗਦਾ ਹੈ ਕਿ ਇਤਿਹਾਸ ਸਾਡੇ ਸਾਹਮਣੇ ਵਾਪਰ ਰਿਹਾ ਹੈ। ਇਹੀ ਸੂਝਵਾਨ ਅਤੇ ਪ੍ਰਤੀਬੱਧ ਲੇਖਕ ਦਾ ਫਰਜ਼ ਬਣਦਾ ਹੈ ਕਿ ਉਹ ਇਤਿਹਾਸ ਦੇ ਉਹਨਾਂ ਅਣਗੌਲੇ ਪੰਨਿਆਂ ਨੂੰ ਆਪਣੀ ਕਲਮ ਦਾ ਹਿੱਸਾ ਬਣਾਵੇ ਜਿਸ ਨੂੰ ਅਤੇ ਸਰਕਾਰਾਂ ਨੇ ਜਾਣ ਬੁੱਝ ਕੇ ਅੱਖੋਂ ਪਰੋਖੇ ਕੀਤਾ ਹੈ।

ਇਨਕਲਾਬੀ ਦੇਵੀਆਂ ਦੇ ਮਨ ਦੀ ਵੇਦਨਾ ਨੂੰ ਜਿਸ ਤਰੀਕੇ ਉਹ ਵੱਖ ਵੱਖ ਸਮਿਆਂ ਦੇ ਇਤਿਹਾਸ ਸਮਾਜਿਕ, ਸੱਭਿਆਚਾਰ ਪੇਸ਼ ਕਰਦਾ ਹੈ, ਉਥੇ ਉਹ ਸਾਨੂੰ ਕੁੱਝ ਕਰਨ ਲਈ ਪ੍ਰੇਰਦਾ ਵੀ ਹੈ। ਇਨਕਲਾਬੀ ਦੇਵੀਆਂ ਬਾਰੇ ਲਿਖਿਆ ਤਾਂ ਬਹੁਤ ਕੁਝ ਜਾ ਸਕਦਾ ਹੈ ਪਰ ਮੈਂ ਤਾਂ ਸਿਰਫ ਇਹਨਾਂ ਬੀਬੀਆਂ ਬਾਰੇ ਕੁੱਝ ਇਸ਼ਾਰੇ ਮਾਤਰ ਗੱਲਾਂ ਕੀਤੀਆਂ ਹਨ। ਉਹਨਾਂ ਦੀ ਜੀਵਨ ਦੀ ਗਾਥਾ ਤੁਸੀਂ ਇਸ ਪੁਸਤਕ ਦੇ ਵਿੱਚ ਪੜ੍ਹ ਸਕਦੇ ਹੋ। ਬਲਿਹਾਰ ਗੋਬਿੰਦਗੜ੍ਹੀਏ ਦੀ ਇਹ ਪੁਸਤਕ ਜਿਥੇ ਇਤਿਹਾਸ ਦੇ ਸਾਹਮਣੇ ਮੀਲ ਪੱਥਰ ਸਾਬਤ ਹੋਵੇਗੀ, ਉਥੇ ਇਹ ਹੋਰਨਾਂ ਨੂੰ ਲਿਖਣ ਲਈ ਵੀ ਪ੍ਰੇਰੇਗੀ। ਮੈਂ ਇਸ ਪੁਸਤਕ ਦੇ ਆਮਦ ਤੇ ਸਵਾਗਤ ਕਰਦਾ ਹਾਂ।



**ਬੁੱਧ ਸਿੰਘ ਨੀਲੋਂ**
**9464370823**

ਸਮਾਜ ਵੀਕਲੀ ਨਿਊਜ਼

# ਨਹੀਂ ਲੱਭਦਾ ਹੁਣ ਬੇਬੇ ਬਾਪੂ ਦੀ ਗੋਦੀ ਦਾ ਨਿੱਘ



ਔਰਤ ਤੇ ਆਦਮੀ ਦੀ ਗੋਦੀ ਦਾ ਨਿੱਘ ਤੇ ਮਰਦ ਦੀ ਗੋਦੀ ਦਾ ਨਿੱਘ ਇੱਕੋ ਜਿਹਾ ਹੁੰਦਾ ਹੈ । ਗੋਦੀ ਵਿੱਚ ਬੈਠ ਕੇ ਬੱਚੇ ਦੀਆਂ ਹੌਲੀ ਹੌਲੀ ਅੱਖਾਂ ਵਿੱਚ ਨਵੀਂ ਚਮਕ ਆਉਂਦੀ ਹੈ। ਔਰਤ ਜਾਂ ਮਰਦਾਂ ਜਿਸ ਦੀ ਗੋਦੀ ਵਿੱਚ ਬੱਚਾ ਬੈਠਾ ਹੁੰਦਾ ਹੈ, ਅਬੋਲ ਮੂਕ ਸ਼ਬਦਾਂ ਦੀ ਪੂਰੀ ਵਰਣਮਾਲਾ ਹੁੰਦੀ ਹੈ।

ਬਚਪਨ ਵਿੱਚ ਜਿਹੜੇ ਬੱਚਿਆਂ ਨੂੰ ਮਾਂ ਪਿਓ ਦੀ ਗੋਦੀ ਦਾ ਨਿਘ ਨਸੀਬ ਨਹੀਂ ਹੁੰਦਾ ਉਹ ਵੱਡੇ ਹੋ ਕੇ ਇਸ ਪਿਆਰ ਤੋਂ ਵਾਂਝੇ ਰਹਿ ਜਾਂਦੇ ਹਨ ।ਬਚਪਨ ਵਿੱਚ ਬੱਚੇ ਨੂੰ ਪਿਓ, ਮਾਂ, ਦਾਦੀ, ਨਾਨੀ, ਭੂਆ ਦੀ ਗੋਦੀ ਦਾ ਨਿੱਘ ਨਸੀਬ ਨਾ ਹੋਵੇ ਤਾਂ ਬੱਚਾ ਅਗੰਮੀ ਸਕੂਨ ਤੋਂ ਵਾਂਝਾ ਰਹਿ ਜਾਂਦਾ ਹੈ । ਬੱਚੇ ਦੇ ਦਿਲ ਝਰੋਖੇ ਵਿੱਚ ਇੱਕ ਕੋਨਾ ਖਾਲੀ ਰਹਿ ਜਾਂਦਾ ਹੈ, ਜੋ ਕਦੀ ਨਹੀਂ ਭਰਦਾ। ਮਾਂ ਗੋਦੀ ਵਿੱਚ ਬੱਚੇ ਨੂੰ ਲੋਰੀਆਂ ਦਿੰਦੀ ਹੈ। ਬੱਚੇ ਨੂੰ ਗੋਦੀ ਵਿੱਚ ਲਈ ਬੈਠੀ ਮਾਂ ਦੀਆਂ ਲੋਰੀਆਂ ਨਾਲ ਕੰਧਾਂ ਵੀ ਬੋਲ ਪੈਂਦੀਆਂ ਹਨ ।ਕਮਰੇ ਦੀਆਂ ਬੋਲੀਆਂ ਫਰਸ਼ਾਂ ਵੀ ਹੁੰਗਾਰੇ ਭਰਦੀਆਂ ਹਨ । ਗੋਦੀ ਵਿੱਚ ਬੈਠਾ ਬੱਚਾ ਬੋਲ ਨਹੀਂ ਸਕਦਾ ਤੇ ਗੋਦੀ ਦੇ ਸਵਰਗੀ ਝੂਟੇ ਮਹਿਸੂਸ ਕਰਦਾ ਹੈ ।ਤ ਗੋਦੀ ਵਿੱਚ ਬੱਚਾ ਬੋਲ ਨਹੀਂ ਸਕਦਾ ਗੋਦੀ ਦੇ ਸਵਰਗੀ ਝੂਟੇ ਮਹਿਸੂਸ ਕਰਦਾ ਹੈ ।ਉਤੇ-ਜਿਤ ਹੋਏ ਬੱਚੇ ਦੇ ਮੂੰਹੋਂ ਪਹਿਲਾ ਸ਼ਬਦ ਨਿਕਲਦਾ ਹੈ 'ਮਾਂ '।ਫੁੱਲ ਦੀ ਡੋਡੀ ਖਿੜਦੀ ਹੈ ।ਖੁਸ਼ਬੂ ਬਣਦੀ ਹੈ। ਚਾਰੇ ਪਾਸੇ ਮਹਿਕ ਆਉਂਦੀ ਹੈ। ਸਾਲ ਬੀਤ ਗਏ ਹੌਲੀ ਹੌਲੀ ਵੇਲਾ ਬਦਲ ਗਿਆ। ਝੱਖੜ, ਹਨੇਰੀਆਂ ਝੁੱਲੇ। ਸਾਂਝੇ ਪਰਿਵਾਰ ਅਲੱਗ -ਅਲੱਗ ਹੋ ਗਏ। ਵੱਡੇ ਘਰਾਂ ਵਿੱਚ ਮਸਾ ਇੱਕ -ਇੱਕ, ਦੋ -ਦੋ ਬੱਚੇ ਹੀ ਪੈਦਾ ਹੁੰਦੇ ਹਨ ।ਜੰਮਦੇ ਬੱਚੇ ਲਈ ਖਿਡਾਉਣਾ ਹੁੰਦਾ ਹੈ ਮੋਬ-ਾਇਲ ।ਬੱਚੇ ਪਾਸੋਂ ਮਾਂ ਦਾ ਦੁੱਧ ਵੀ ਖੁੱਸ ਗਿਆ ਹੈ ।ਗੋਦੀ ਵੀ ਜਾਂਦੀ ਰਹੀ ,ਲੋਰੀਆਂ ਜਿਨਾਂ ਦੀ ਹੇਕ ਨਾਲ ਬੋਲੀਆ ਕੰਧਾਂ ਵੀ ਸੁਰ ਮਿਲਾਉਂਦੀਆਂ ਸਨ ਮੌਨ ਹੋ ਗਈਆਂ ਹਨ ।

ਰਾਜਾ ਰਾਣੀ ਦੀ ਕਹਾਣੀ ਮੁੱਕ ਗਈ ਹੈ। ਮਾਂ ਦਾਦੀ ਨਾਨੇ ਦੀਆਂ ਬਾਤਾਂ ਸੁਣਨ ਵਾਲਾ ਕੋਈ ਨਹੀਂ ਹੁੰਦਾ। ਦੋ ਆਰ ਦੀਆਂ ਦੋ ਪਾਰ ਦੀਆਂ ਦੋ ਧੀਆਂ ਸ਼ਾਹੂਕਾਰ ਦੀਆਂ । ਅੱਜ ਕੱਲ੍ਹ ਬੱਚਾ ਤਾਂ ਗੋਦੀ ਵਿੱਚ ਹੁੰਦਾ ਨਹੀਂ। ਦਾਦੀ,ਨਾਨੀ, ਜਾਂ ਮਾਂ ਬੈਠੀ ਗੋਡੇ ਹਿਲਾ ਰਹੀ ਹੁੰਦੀ। ਬਾਤਾਂ ਪਾ ਰਹੀ ਹੈਪਰ ਸੁਣਨ ਵਾਲਾ ਕੋਈ ਬੱਚਾ ਨਹੀਂ ਹੁੰਦਾ।ਸਕੂਲ ਵੈਨਾਂ ਦਗੜ ਦਗੜ ਕਰਦੀਆਂ ਤੜਕੇ ਤੜਕੇ ਪਿੰਡਾਂ ਵਿੱਚ ਆ ਜਾਂਦੀਆਂ ਹਨ । ਕੋਈ ਵੈਨ ਘਰ ਦੇ ਮੂਹਰੇ ਖੜਦੀ ਹੈ।ਬੱਚੇ ਦੀ ਮੰਮੀ ਅੱਖਾਂ ਮਲਦੇ ਬੱਚੇ ਦੇ ਗਲ ਵਿੱਚ ਪਾਣੀ ਵਾਲੀ ਬੋਤਲ ਤੇ ਰੋਟੀਆਂ ਵਾਲਾ ਟਿਫਨ ਦੇ ਕੇ ਵੈਨ ਵਿੱਚ ਬਿਠਾ ਦਿੰਦੀ ਹੈ। ਦੁਪਹਿਰ ਸਕੂਲੋਂ ਆਇਆ ਰੋਟੀ ਟੁੱਕ ਖਾਂਦਿਆ ਖਾਂਦਿਆ ਸੌਂ ਜਾਂਦਾ ਹੈ।ਮੰਮੀ ਬੱਚੇ ਨੂੰ ਉਠਾਉਂਦੀ ਤੇ ਟਿਊਸ਼ਨ ਵਾਲੀ ਅਧਿਆਪਕਾ ਕੋਲੇ ਛੱਡ ਆਉਂਦੀ ਹੈ। ਘੰਟੇ ਬਾਅਦ ਬੱਚਾ ਘਰ ਆਉਂਦਾ ਹੈ ਤਾਂ ਹੋਮਵਰਕ ਕਰਦਾ ਹੈ । ਰਾਤ ਨੂੰ ਟੀਵੀ ਉੱਤੇ ਕਾਰਟੂਨ ਵੇਖਦਿਆਂ ਵੇਖਦਿਆਂ ਬੱਚੇ ਕੋਲ ਦਾਦੀ, ਮਾਂ, ਦੀ ਗੋਦੀ ਵਿੱਚ ਬੈਠਣ ਦਾ ਟਾਈਮ ਹੀ ਕਿੱਥੇ ਹੈ । ਦਾਦੀ ਮਾਂ ,ਨਾਨੀ ਮਾਂ ,ਰਾਜੇ ਰਾਣੀਆਂ ਦੀਆਂ ਬਾਤਾਂ ਪਾਉਣੀਆਂ ਭੁੱਲ ਗਈਆਂ ਹਨ। ਸਵੇਰੇ ਕੋਨੇ ਵਿੱਚ ਦਾਦੀ ਮਾਂ ਦੋ ਟੱਕ ਦੀ ਬੁਰਕੀ ਦੀ ਉਡੀਕ ਵਿੱਚ ਬੈਠੀ ਹੈ ਰਾਜੇ, ਰਾਣੀਆਂ ਦੀਆਂ ਬਾਤਾਂ ਪਾਉਣੀਆਂ ਭੁੱਲ ਗਈਆਂ ਹਨ।ਦਾਦੀ ਮਾਂ ਹਨੇਰੇ ਵਿੱਚ ਇੱਕ ਨੁਕਰੇ ਆਪਣੀ ਖੂੰਡੀ ਭਾਲਦੀ ਹੈ ।ਪੱਥਰਾਂ ਦੇ ਢੇਰ ਉੱਤੇ ਧੁੱਪੇ ਬੈਠੀ ਮਜ਼ਦੂਰ ਔਰਤ ਪੱਥਰ ਤੋੜ ਰਹੀ ਹੈ । ਸੜਕ ਤੇ ਬੱਜਰੀ ਪਾ ਰਹੀ ਹੈ।ਮਾਂ ਦੀ ਚੁੰਨੀ ਦੀ ਛਾਂ ਵਿੱਚ ਗੋਦੀ ਵਿੱਚ ਬੈਠੀ ਬੱਚੀ ਸ਼ਾਇਦ ਸੌਂ ਰਹੀ ਹੈ। ਸੁੱਕੀ ਕਿੱਕਰ ਦੀ ਮੋਟੀ ਟਾਹਣੀ ਨਾਲ ਬੰਨੀ ਚੁੰਨੀ ਦੀ ਝੋਲੀ ਵਿੱਚ ਬੱਚੀ ਬਿਨਾਂ ਝੂਟੇ -ਮਾਟੇ ਤੋਂ ਬਿਨਾ ਪਈ ਹੈ। ਮਾਂ ਕਣਕ ਵੱਢ ਰਹੀ ਹੈ, ਝੋਨਾ ਲਾ ਰਹੀ ਹੈ। ਨਿੱਕੇ ਬੱਚੇ ਨੂੰ ਮੰਜੇ ਤੇ ਪਾਵੇ ਨਾਲ ਰੱਸੀ ਨਾਲ ਬੰਨ ਕੇ ਮਾਂ ਪਸ਼ੂਆਂ ਦਾ ਗੋਹਾ ਕੂੜਾ ਕਰਦੀ ਹੈ।

ਲੱਖਾਂ ਕਮਜ਼ੋਰ ਤੇ ਦੁਖੀ ਮਾਵਾਂ ਦੇ ਬੱਚੇ ਜੰਮਦਿਆਂ ਹੀ ਕਮਜ਼ੋਰ ਹੁੰਦੇ ਹਨ। ਬਹੁਤ ਘੱਟ ਭਾਰ ਹੁੰਦਾ ਹੈ ।ਬੱਚੇ ਦੀਆਂ ਨਾੜਾਂ ਸਪਸ਼ਟ ਦਿਖਦੀਆਂ ਹਨ। ਲੱਖਾਂ ਬੱਚੇ ਜੰਮਦਿਆਂ ਹੀ ਕੁਪੋਸ਼ਨ ਦਾ ਸ਼ਿਕਾਰ ਹੋ ਕੇ ਮਰ ਜਾਂਦੇ ਹਨ । ਲੱਖਾਂ ਬੱਚੇ ਪੰਜ ਸਾਲ ਦੀ ਉਮਰ ਤੋਂ ਪਹਿਲਾਂ ਹੀ ਸਦਾ ਲਈ ਤੁਰ ਜਾਂਦੇ ਨੇ । ਮਾਵਾਂ ਵੀ ਕਮਜ਼ੋਰ ਹੁੰਦੀਆਂ ਹਨ ਸੁੱਕੀਆਂ ਛਾਤੀਆਂ ਵਿੱਚੋਂ ਵਿੱਚੋਂ ਦੁੱਧ ਦੁੱਧ ਨਹੀਂ ਆਉਂਦਾ। ਕਿੱਥੇ ਖਾਲੀ ਗੋਦੀ ਦੀਆਂ ਲੋਰੀਆਂ ਜਲਦੀ ਹੀ ਵੈਨਾਂ ਵਿੱਚ ਬਦਲ ਜਾਂਦੀਆਂ ਹਨ। ਗੋਦੀ ਦਾ ਨਿਘ ਮਨੁੱਖੀ ਸਰੀਰ ਦੇ ਸੈੱਲਾਂ ਵਿੱਚ ਝਰਨਾਟ ਪੈਦਾ ਕਰ ਦਿੰਦਾ ਹੈ ।ਇਸਨੂੰ ਸੰਸਾਰ ਦੀ ਕਿਸੇ ਵੀ ਭਾਸ਼ਾ ਵਿੱਚ ਵਰਣਨ ਨਹੀਂ ਕੀਤਾ ਜਾ ਸਕਦਾ। ਦੋਸਤੋ ਕਰਮਾਂ ਵਾਲੇ ਉਹ ਹਨ ਜਿਨਾਂ ਨੂੰ ਇਹੋ ਜਿਹੀਆਂ ਮਾਵਾਂ, ਦਾਦੀਆਂ, ਨਾਨੀਆਂ ਦੀਆਂ ਗੋਦੀਆਂ ਦਾ ਨਿੱਘ ਮੰਨਣ ਦਾ ਮੌਕਾ ਮਿਲਿਆ।

**ਸ਼ੁਭ ਚਿੰਤਕ।**
**ਡਾਕਟਰ ਨਰਿੰਦਰ ਭੱਪਰ ਝਬੇਲਵਾਲੀ।**
**ਪਿੰਡ ਅਤੇ ਡਾਕਖਾਨਾ ਝਬੇਲਵਾਲੀ।**
**ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ।**
**6284145349**

## ਯਾਦਾਂ ਮੇਰੇ ਪਿੰਡ ਦੀਆ...

ਇੱਕ ਹੱਜਕੇ ਵਿੱਚ ਖਿੰਡ ਗਈਆਂ, ਯਾਦਾਂ ਮੇਰੇ ਪਿੰਡ ਦੀਆਂ।
ਬੀਤੇ ਵਿੱਚ ਜਦੋਂ ਝਾਤੀ ਮਾਰਦਾਂ ,ਭੁਲਾਇਆਂ ਵੀ ਨ੍ਹੀਂ ਭੁੱਲਦੀਆਂ।
ਹੱਸਦਿਆਂ ਖੇਡਦਿਆਂ ਦਿਨ ਗੁਜਰੇ , ਯਾਦਾਂ ਚੇਤਿਆਂ ਵਿੱਚ ਰਹੀਆਂ ਰੁਲਦੀਆਂ।

ਸੁਰਤ ਜਦੋਂ ਸੰਭਲੀ, ਬਾਹਰਲੀ ਦੁਨੀਆਂ ਨਾਲੋਂ ਪਿੰਡ ਸੀ ਟੁੱਟਿਆ, ਨਾ ਸੜਕਾਂ, ਨਾ ਸਾਧਨ, ਪੈਦਲ ਯਾਤਰਾ ਨਾਲ, ਰਸਤਾ ਮੁਕਾਇਆਂ ਨਾ ਕਦੇ ਮੁੱਕਿਆ। ਬਾਪੂ ਜੀ ਸਾਰੇ ਭਰਾਵਾਂ ਤੋਂ ਵੱਡੇ, ਟਾਵੇਂ ਟਾਵੇਂ ਪੜ੍ਹੇ ਬੰਦਿਆਂ ਚੋਂ ਬਣੇ ਸਰਪੰਚ ਸੀ। ਸਭ ਤੋਂ ਛੋਟਾ ਪੁੱਤਰ ਹੋਣ ਕਰਕੇ, ਪਿਆਰ ਮਿਲਦਾ ਸਭ ਪਾਸੇ, ਮੱਛਰੇ ਹੋਏ ਗੁਣਵੰਤ ਸੀ। ਪੜ੍ਹਦਾ ਭਾਵੇਂ ਘੱਟ,ਪਰ ਖੇਤੀ ਦੀ ਹਰ ਐਕਟਿਵਿਟੀ ਚ ਲੈਂਦਾ ਸੀ ਪੰਗਾ। ਕੰਮ ਭਾਵੇਂ ਹੁੰਦਾ ਮੰਦਾ ਜਾਂ ਚੰਗਾ। ਵਿਚਰਦੇ ਸੀ ਵਾਂਗ ਮਸਤ ਮਲੰਗਾਂ। ਸੱਟਾਂ-ਫੇਟਾਂ ਖਾਣ ਵਿੱਚ ਸ਼ੇਰ ਸੀ, ਮਸਤ ਰਹਿੰਦੇ, ਨਾ ਦੇਖਦੇ ਦੇਰ ਸਵੇਰ ਸੀ।ਟੋਏ, ਟਿੱਬਿਆਂ, ਢਾਬਾਂ ਵਾਲੀ ਜ਼ਮੀਨ, ਇੱਕ ਪਾਸੇ, ਦੂਜੇ ਬੰਨੇ ਡਾਕਰ,ਕਲਰ ਵਾਲੀ, ਸੇਂਜੂ ਸੀ ਧਰਤੀ। ਝਾੜ-ਬਿੜੇ ਵੱਢ ਕੇ ਕਾਸ਼ਤ ਯੋਗ ਬਣਾਉਂਦੇ, ਬਹੁਤ ਜਿਆਦਾ ਬਰਖਾ ਵਿੱਚ, ਸਲਾਬੇ ਨਾਲ, ਜ਼ਮੀਨ ਜਾਂਦੀ ਸੀ ਗਰਕੀ। ਪੜ੍ਹਾਈ ਦੇ ਨਾਲ ਗੁਡਾਈ, ਵਢਾਈ, ਬਿਜਾਈ ਸਾਰੇ ਕੰਮ ਕੀਤੇ। ਲਗਨ ਦੇ ਨਾਲ ਸਿੱਖਿਆ ਸਭ ਕੁਝ, ਰਾਤ-ਦਿਨ ਗਮ ਪੀਤੇ। ਮਿਹਰ ਪ੍ਰਮਾਤਮਾ ਦੀ ਐਸੀ ਹੋਈ, ਸਹਿਜ ਪੱਕੇ ਸੋ ਮੀਠਾ ਹੋਇ ਵਾਲੀ ਗੱਲ ਹੋਈ। ਤੀਸਰੇ ਦਰਜੇ ਦੀ ਦਸਵੀਂ, ਐਮਏ ਬੀਐਡ ਦੀ ਫਸਟ ਡਵੀਜ਼ਨ ਨੇ ਲੁਕੋਈ।



**ਅਮਰਜੀਤ ਸਿੰਘ ਤੂਰ**
**ਚੰਡੀਗੜ੍ਹ। ਫੋਨ ਨੰਬਰ :**
**9878469639**

## ਸ਼ਿਕਾਰ ਦੀ ਭਾਲ

ਇੱਕ ਨਵਾਂ ਨਵਾਂ ਜਾਣਕਾਰ ਆਇਆ , ਕਹਿੰਦਾ ,' ਭਾ ਜੀ , ਬੜਾ ਮੌਕੇ ਦਾ ਸੌਦਾ ਏ। ਬਿਲਕੁਲ ਸੜਕ ਦੇ ਉੱਤੇ ਪਲਾਟ ਹੈ । ਸਿਰਫ ਦੋ ਲੱਖ ਰੁਪਏ ਬਿਆਨਾਂ ਦੇਣਾ ਏਂ । ਦੋ ਮਹੀਨੇ ਵਿੱਚ ਬਿਆਨੇ ਬਿਆਨੇ ਅੰਦਰ ਹੀ ਪੰਜਾਹ ਲੱਖ ਰੁਪਏ ਬਚਣਗੇ , ਦਸ ਲੱਖ ਮੇਰੇ ਬਾਕੀ ਤੁਹਾਡੇ !'
ਮੈਂ ਪੁੱਛਿਆ,' ਤੂੰ ਕਿਉਂ ਨਹੀਂ ਬਿਆਨਾ ਕਰ ਲੈਂਦਾ ?'
ਕਹਿੰਦਾ ,' ਮੇਰੇ ਕੋਲ ਰਕਮ ਹੈ ਨਹੀਂ !'
ਮੈਂ ਕਿਹਾ ,' ਅਗਰ ਇੰਨਾਂ ਵਿਸ਼ਵਾਸ ਹੋਵੇ ਤਾਂ ਆਦਮੀ ਘਰ ਦਾ ਗਹਿਣਾ ਗੱਟਾ ਵੇਚ ਕੇ ਵੀ ਬਿਆਨਾ ਕਰ ਸਕਦਾ ਏ ।'
ਕਹਿੰਦਾ ,' ਮੈਨੂੰ ਤਾਂ ਪੂਰਾ ਵਿਸ਼ਵਾਸ ਹੈ , ਘੱਟੋ ਘੱਟ ਪੰਜਾਹ ਲੱਖ ਬਚੂ ਹੀ ਬਚੂ ! ਮੇਰੇ ਉੱਤੇ ਇੱਕ ਵਾਰ ਵਿਸ਼ਵਾਸ ਕਰ ਕੇ ਵੇਖੋ , ਧੋਖਾ ਨਹੀਂ ਹੋਏਗਾ ।'
ਮੈਂ ਕਿਹਾ ,' ਤੂੰ ਆਪਣੇ ਘਰੋਂ ਦੋ ਕੂ ਤੋਲੇ ਗਹਿਣਾ ਲੈ ਕੇ ਆ , ਇੱਕ ਲੱਖ ਰੁਪਏ ਉਹਦੇ ਲੈ ਦਊਂ, ' ਤੇ ਇੱਕ ਲੱਖ ਮੈਂ ਪਾ ਦਊਂ , ਮੁਨਾਫ਼ਾ ਅੱਧੋ ਅੱਧ । '
ਕਹਿੰਦਾ ,' ਇਹ ਨਹੀਂ ਹੋ ਸਕਦਾ!'
ਮੈਂ ਪੁੱਛਿਆ ,' ਕਿਉਂ ?'
ਕਹਿੰਦਾ ,' ਮੇਰੀ ਘਰਵਾਲੀ ਨੇ ਮੇਰੇ ਉੱਤੇ ਵਿਸ਼ਵਾਸ ਨਹੀਂ ਕਰਨਾ !'
ਮੈਂ ਕਿਹਾ ,' ਜਿਹੜੀ ਤੇਰੇ ਨਾਲ 20,25 ਸਾਲਾਂ ਤੋਂ ਵਿਆਹੀ ਹੋਈ ,ਉਹ ਨਹੀਂ ਤੇਰੇ ' ਵਿਸ਼ਵਾਸ ਕਰਦੀ , ਆਪਣੀ ਤਾਂ ਜਾਣਕਾਰੀ ਹੀ ਦੋ ਮਹੀਨਿਆਂ ਤੋਂ ਹੈ ।'



ਤੁਹਾਡੀ ਮਰਜ਼ੀ !' ਕਹਿ ਕੇ ਚਲਾ ਗਿਆ , ਕਿਸੇ ਹੋਰ ਸ਼ਿਕਾਰ ਦੀ ਭਾਲ ਵਿੱਚ ।

**ਡਾਕਟਰ ਇੰਦਰਜੀਤ ਕਮਲ**

Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

**ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ**




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

**ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।**

**+44 7878 456484**

**email:-Samajweekly@gmail.com**